ਚੋਣਾਂ

# ਵੋਟ ਦੇਣ ਵਾਲੀ ਸੂਚੀ ਵਿੱਚ ਸ਼ਾਮਲ ਹੋਣ ਲਈ ਉਹ ਸਾਰਾ ਕੁਝ ਜੋ ਤੁਹਾਨੂੰ ਜਾਣਨ ਦੀ ਲੋੜ ਹੈ।

**ਨਿਊਜ਼ੀਲੈਂਡ ਪਾਰਲੀਮੈਂਟਰੀ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਡਾ ਸੂਚੀ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ**
**ਹੋਰ ਜਾਣਕਾਰੀ ਲਈ 0800 ENROL NOW (0800 36 76 56) 'ਤੇ ਫ਼ੋਨ ਕਰੋ**
**ਜਾਂ www.elections.org.nz ਵੇਖੋ**

ਹਰ ਤਿੰਨ ਸਾਲ ਵਿੱਚ ਘੱਟੋ ਘੱਟ ਇੱਕ ਵਾਰੀ ਨਿਊਜ਼ੀਲੈਂਡ ਵਿੱਚ ਇੱਕ ਨਵੀਂ ਪਾਰਲੀਮੈਂਟ ਅਤੇ ਸਰਕਾਰ ਚੁਣਨ ਲਈ ਆਮ ਚੋਣਾਂ ਹੁੰਦੀਆਂ ਹਨ। MMP (ਰਲੇ ਮਿਲੇ ਮੈਂਬਰਾਂ ਦਾ ਅਨੁਪਾਤ) (Mixed Member Proportional) ਚੋਣ ਸਿਲਸਿਲਾ, ਹਰ ਵਿਅਕਤੀ ਨੂੰ ਦੋ ਵੋਟਾਂ ਦੇਣ ਲਈ ਇੱਕ ਵੋਟਰ ਵਜੋਂ ਸ਼ਾਮਲ ਕੀਤੇ ਜਾਣ ਦੀ ਮੰਜ਼ੂਰੀ ਦਿੰਦਾ ਹੈ। ਇੱਕ ਵੋਟ ਤੁਹਾਡੀ ਤਰਜੀਹੀ ਪਾਰਟੀ ਲਈ ਹੈ। ਦੂਜੀ ਉਸ ਵਿਅਕਤੀ ਲਈ ਹੈ, ਜਿਸਨੂੰ ਤੁਸੀਂ ਆਪਣੇ ਸਥਾਨਕ ਚੋਣ ਹਲਕੇ ਲਈ ਪਾਰਲੀਮੈਂਟ ਦਾ ਮੈਂਬਰ ਬਣਾਉਣਾ ਚਾਹੁੰਦੇ ਹੋ। ਤੁਹਾਡੇ ਰਿਹਾਇਸ਼ੀ ਪਤੇ ਤੋਂ ਫ਼ੈਸਲਾ ਹੁੰਦਾ ਹੈ ਕਿ ਤੁਸੀਂ ਕਿਹੜੇ ਚੋਣ ਹਲਕੇ ਵਿੱਚ ਸ਼ਾਮਲ ਹੋਵੋਗੇ। ਇੱਥੇ ਆਮ ਅਤੇ ਮਾਓਰੀ ਚੋਣ ਹਲਕੇ ਹਨ। ਹਰੇਕ ਚੋਣ ਹਲਕੇ ਵਿੱਚ ਹਰ ਵਿਅਕਤੀ, ਜੋ ਵੋਟ ਦੇਣ ਵਾਲੀ ਸੂਚੀ ਵਿੱਚ ਸ਼ਾਮਲ ਹੈ, ਦੀ ਇੱਕ ਫ਼ਹਿਰਿਸਤ ਜਾਂ ਇੱਕ ਸੂਚੀ ਹੈ। ਜੇ ਤੁਸੀਂ 18 ਸਾਲ ਜਾਂ ਵੱਧ ਉਮਰ ਦੇ ਹੋ ਅਤੇ ਸ਼ਾਮਲ ਕੀਤੇ ਜਾਣ ਦੇ ਯੋਗ ਹੋ, ਤਾਂ ਕਾਨੂੰਨ ਕਹਿੰਦਾ ਹੈ ਕਿ ਤੁਹਾਡਾ ਨਾਂ ਸੂਚੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਜੇ ਤੁਹਾਡੀ ਉਮਰ 17 ਸਾਲ ਦੀ ਹੈ, ਤਾਂ ਤੁਸੀਂ ਆਰਜ਼ੀ ਤੌਰ 'ਤੇ ਸੂਚੀ ਵਿੱਚ ਸ਼ਾਮਲ ਹੋ ਸਕਦੇ ਹੋ। ਇੱਕ ਵਾਰੀ ਸੂਚੀ ਵਿੱਚ ਸ਼ਾਮਲ ਹੋਣ ਮਗਰੋਂ ਤੁਹਾਨੂੰ ਆਪਣੇ ਵੇਰਵੇ ਆਧੁਨਿਕ ਰਖਣੇ ਚਾਹੀਦੇ ਹਨ। ਵੋਟਰਾਂ ਦੇ ਰਜਿਸਟ੍ਰਾਰਸ (Registrars of Electors), ਜੋ ਨਿਊਜ਼ੀਲੈਂਡ ਪੋਸਟ ਲਿਮਿਟਿਡ (New Zealand Post Ltd) ਲਈ ਕੰਮ ਕਰਦੇ ਹਨ, ਇਹਨਾਂ ਸੂਚੀਆਂ ਦੀ ਦੇਖਭਾਲ ਕਰਦੇ ਹਨ।

## ਇਹਨਾਂ ਵੋਟਰ ਸੂਚੀਆਂ ਵਿੱਚ ਦਾਖ਼ਲੇ ਬਾਰੇ ਸੁਆਲਾਂ ਦੇ ਜਵਾਬ ਅੰਦਰ ਦਿੱਤੇ ਗਏ ਹਨ


### ਵੋਟ ਦੇਣ ਲਈ ਸੂਚੀ ਵਿੱਚ ਨਾਂ ਚੜ੍ਹਾਉਣਾ, ਸਫ਼ਾ 3

ਕੀ ਮੈਂ ਵੋਟਰ ਸੂਚੀ ਲਈ ਯੋਗ ਹਾਂ?
ਕੀ ਮੈਂ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਤੋਂ ਅਯੋਗ ਹਾਂ?
ਮੇਰਾ ਨਾਂਅ ਕਿਉਂ ਸ਼ਾਮਲ ਹੋਣਾ ਚਾਹੀਦਾ ਹੈ?
ਮੈਂ ਆਪਣਾ ਨਾਂ ਕਿਵੇਂ ਸ਼ਾਮਲ ਕਰਾਵਾਂ?
ਮੈਂ ਸੂਚੀ ਵਿੱਚ ਨਾਂ ਦਰਜ ਕਰਾਉਣ ਵਾਲਾ ਫ਼ਾਰਮ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?
ਕੀ ਮੈਂ ਸੂਚੀ ਵਿੱਚ ਨਾਂ ਲਿਖਵਾਉਣ ਜਾਂ ਆਪਣੇ ਵੇਰਵੇ ਆਧੁਨਿਕ ਬਣਾਉਣ ਲਈ ਇੰਟਰਨੈਟ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?
ਕੀ ਮੈਂ 18 ਸਾਲ ਤੋਂ ਪਹਿਲਾਂ ਆਪਣਾ ਨਾਂ ਦਰਜ ਕਰਾ ਸਕਦਾ/ਸਕਦੀ ਹਾਂ?
ਮੈਂ ਅਪੰਗ ਹਾਂ। ਕੀ ਨਾਂ ਦਰਜ ਕਰਾਉਣ ਵਿੱਚ ਮੈਨੂੰ ਸਹਾਇਤਾ ਮਿਲ ਸਕਦੀ ਹੈ?
ਮੇਰਾ ਪਰਿਵਾਰ ਜਾਂ ਦੋਸਤ ਵਿਦੇਸ਼ ਵਿੱਚ ਰਹਿੰਦੇ ਹਨ। ਕੀ ਮੈਂ ਉਹਨਾਂ ਦੇ ਨਾਂ ਲਿਖਵਾ ਸਕਦਾ/ਸਕਦੀ ਹਾਂ?
ਅਣਪ੍ਰਕਾਸ਼ਿਤ ਵੋਟਰ ਸੂਚੀ ਕੀ ਹੈ?
ਸੂਚੀ ਵਿੱਚ ਆਪਣਾ ਨਾਂ ਦਰਜ ਕਰਾਉਣ ਵਾਲਾ ਫ਼ਾਰਮ ਭੇਜਣ ਤੋਂ ਬਾਅਦ ਕੀ ਹੁੰਦਾ ਹੈ?
ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ?

### ਮਾਓਰੀ ਸੂਚੀ ਵਿੱਚ ਨਾਂ ਚੜ੍ਹਾਉਣਾ ਸਫ਼ਾ 6

ਮਾਓਰੀ ਵੋਟਰ ਵਿਕਲਪ (Maori Electoral Option)?

ਮੈਂ ਇੱਕ ਨਿਊਜ਼ੀਲੈਂਡ ਮਾਓਰੀ (New Zealand Maori) ਹਾਂ। ਮੈਂ ਕਿਵੇਂ ਚੋਣ ਕਰ ਸਕਦਾ/ਸਕਦੀ ਹਾਂ ਕਿ ਕਿਹੜੀ ਵੋਟਰ ਸੂਚੀ ਵਿੱਚ ਮੇਰਾ ਨਾਂ ਹੋਵੇ?
ਜੇ ਮੈਂ ਇੱਕ ਮਾਓਰੀ ਹਾਂ ਅਤੇ ਪਹਿਲੀ ਵਾਰੀ ਨਾਂ ਦਰਜ ਕਰਾ ਰਿਹਾ/ਰਹੀ ਹਾਂ ਤਾਂ ਕੀ?
ਮਾਓਰੀ ਵੋਟਰ ਵਿਕਲਪ ਅਕਸਰ ਕਦੋਂ ਕੀਤਾ ਜਾਂਦਾ ਹੈ?
ਮੈਂ ਇੱਕ ਪੈਸਿਫ਼ਿਕ ਆਈਲੈਂਡਸ ਪਾੱਲੀਨੇਸ਼ੀਅਨ (Pacific Islands Polynesian) ਹਾਂ। ਕੀ ਮੇਰਾ ਨਾਂ ਮਾਓਰੀ ਵੋਟਰ ਸੂਚੀ ਵਿੱਚ ਦਰਜ ਹੋ ਸਕਦਾ ਹੈ?

**ਵੋਟਰ ਸੂਚੀਆਂ ਸਫ਼ਾ 7**

ਪਾਰਲੀਮੈਂਟਰੀ ਵੋਟਰ ਸੂਚੀ ਕੀ ਹੈ?
ਮੈਂ ਵੋਟਰ ਸੂਚੀ ਕਿੱਥੇ ਵੇਖ ਸਕਦਾ/ਸਕਦੀ ਹਾਂ?
ਵੋਟਰਾਂ ਬਾਰੇ ਜਾਣਕਾਰੀ ਨੂੰ ਕਿਸ ਲਈ ਵਰਤਿਆ ਜਾਂਦਾ ਹੈ?

**ਆਪਣੇ ਨਾਮਾਂਕਣ ਵੇਰਵਿਆਂ ਨੂੰ ਠੀਕ ਕਰਨਾ ਸਫ਼ਾ 7**

ਜੇ ਮੇਰਾ ਪਤਾ ਬਦਲ ਗਿਆ ਹੈ, ਤਾਂ ਕੀ ਕਰਾਂ?
ਜੇ ਮੈਂ ਆਪਣਾ ਨਾਂ ਜਾਂ ਕੰਮਕਾਜ (ਕਾਰੋਬਾਰ) ਬਦਲ ਲਿਆ ਹੈ, ਤਾਂ ਕੀ ਕਰਾਂ?
ਜੇ ਮੈਂ ਆਪਣੇ ਵੇਰਵਿਆਂ ਨੂੰ ਠੀਕ ਕਰਨਾ ਭੁੱਲ ਗਿਆ/ਗਈ ਹਾਂ, ਤਾਂ ਕੀ ਕਰਾਂ?

**ਨਾਮਾਂਕਣ ਠੀਕ ਕਰਨ ਬਾਰੇ ਮੁਹਿੰਮ ਸਫ਼ਾ 8**

ਨਾਮਾਂਕਣ ਠੀਕ ਕਰਨ ਬਾਰੇ ਮੁਹਿੰਮ ਕੀ ਹੈ?
ਜਦੋਂ ਨਾਮਾਂਕਣ ਠੀਕ ਕਰਨ ਦੀ ਮੁਹਿੰਮ ਚਲ ਰਹੀ ਹੋਵੇ, ਤਾਂ ਮੈਂ ਕੀ ਕਰਾਂ?
ਜੇ ਮੈਂ ਆਪਣਾ ਨਾਮਾਂਕਣ ਠੀਕ ਕਰਨ ਬਾਰੇ ਫ਼ਾਰਮ ਵਾਪਸ ਨਾ ਭੇਜਾਂ, ਤਾਂ ਕੀ ਹੋਏਗਾ?
ਜੇ ਮੈਂ ਕਿਸੇ ਅਜਿਹੇ ਵਿਅਕਤੀ, ਜੋ ਇਸ ਪਤੇ ’ਤੇ ਲੰਮੇਂ ਸਮੇਂ ਤੋਂ ਨਹੀਂ ਰਹਿ ਰਿਹਾ/ਰਹੀ ਦਾ ਨਾਮਾਂਕਣ ਠੀਕ ਕਰਨ ਬਾਰੇ ਫ਼ਾਰਮ ਪ੍ਰਾਪਤ ਕਰਾਂ, ਤਾਂ ਕੀ?
ਜੇ ਮੈਨੂੰ ਨਾਮਾਂਕਣ ਠੀਕ ਕਰਨ ਬਾਰੇ ਫ਼ਾਰਮ ਨਾ ਮਿਲੇ, ਤਾਂ ਕੀ?

**ਵੋਟਰ ਦੀਆਂ ਸੀਮਾਵਾਂ ਸਫ਼ਾ 9**

ਮੈਂ ਘਰ ਨਹੀਂ ਬਦਲਿਆ ਹੈ, ਪਰ ਮੈਨੂੰ ਇੱਕ ਵੱਖਰੇ ਚੋਣ-ਹਲਕੇ ਵਿੱਚ ਰਖਿਆ ਗਿਆ ਹੈ। ਕਿਉਂ?

**ਹੋਰ ਚੋਣਾਂ ਸਫ਼ਾ 9**

ਪਾਰਲੀਮੈਂਟਰੀ ਜ਼ਿਮਨੀ ਚੋਣ ਕੀ ਹੈ?
ਸਥਾਨਕ ਚੋਣਾਂ ਕੀ ਹਨ?
ਕੀ ਮੈਂ ਨਾਗਰਿਕਾਂ ਵਲੋਂ ਕਰਾਈ ਜਾ ਰਹੀ ਲੋਕ-ਰਾਇ (Citizens Initiated Referenda) ਅਤੇ/ਜਾਂ ਸਰਕਾਰ ਵਲੋਂ ਕਰਾਈ ਜਾ ਰਹੀ ਲੋਕ ਰਾਇ (Government Initiated Referenda) ਵਿੱਚ ਵੋਟ ਦੇਣ ਦਾ/ਦੀ ਹੱਕਦਾਰ ਹਾਂ?

**ਹੋਰ ਜਾਣਕਾਰੀ ਸਫ਼ਾ 10**

ਮੈਂ ਹੋਰ ਜਾਣਕਾਰੀ ਕਿਵੇਂ ਹਾਸਲ ਕਰ ਸਕਦਾ/ਸਕਦੀ ਹਾਂ?
ਕੀ ਮੈਂ ਇਹ ਜਾਣਕਾਰੀ ਹੋਰ ਭਾਸ਼ਾਵਾਂ ਵਿੱਚ ਹਾਸਲ ਕਰ ਸਕਦਾ/ਸਕਦੀ ਹਾਂ?

## ਭੂਮਿਕਾ

## ਵੋਟ ਦੇਣ ਲਈ ਸੂਚੀ ਵਿੱਚ ਨਾਂ ਚੜ੍ਹਾਉਣਾ

## ਕੀ ਮੈਂ ਵੋਟਰ ਸੂਚੀ ਲਈ ਯੋਗ ਹਾਂ?

ਤੁਸੀਂ ਯੋਗ ਹੋ ਅਤੇ ਤੁਹਾਨੂੰ ਕਾਨੂੰਨੀ ਤੌਰ ’ਤੇ ਆਪਣਾ ਨਾਂ ਜ਼ਰੂਰ ਲਿਖਵਾਉਣਾ ਚਾਹੀਦਾ ਹੈ, ਜੇ :

- ਤੁਸੀਂ ਨਿਊਜ਼ੀਲੈਂਡ ਦੇ ਨਾਗਰਿਕ ਹੋ ਜਾਂ ਨਿਊਜ਼ੀਲੈਂਡ ਦੇ ਪੱਕੇ ਵਸਨੀਕ ਹੋ, ਅਤੇ
- ਤੁਸੀਂ 18 ਸਾਲ ਜਾਂ ਇਸਤੋਂ ਵੱਧ ਉਮਰ ਦੇ ਹੋ, ਅਤੇ
- ਤੁਸੀਂ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਇੱਕ ਸਾਲ ਤੋਂ ਵੱਧ ਸਮੇਂ ਤੋਂ ਨਿਊਜ਼ੀਲੈਂਡ ਵਿੱਚ ਰਹਿ ਰਹੇ ਹੋ, ਅਤੇ
- ਤੁਸੀਂ ਅਯੋਗ ਨਹੀਂ ਹੋ।

## ਕੀ ਮੈਂ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਤੋਂ ਅਯੋਗ ਹਾਂ?

ਤੁਸੀਂ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੋ ਸਕਦੇ, ਜੇ :

- ਤੁਸੀਂ ਨਿਊਜ਼ੀਲੈਂਡ ਦੇ ਨਾਗਰਿਕ ਹੋ, ਜੋ ਕਿ ਨਿਊਜ਼ੀਲੈਂਡ ਤੋਂ ਬਾਹਰ ਹੈ ਅਤੇ ਪਿਛਲੇ ਤਿੰਨ ਸਾਲ ਦੇ ਅੰਦਰ ਨਿਊਜ਼ੀਲੈਂਡ ਵਿੱਚ ਨਹੀਂ ਹੋ।
- ਤੁਸੀਂ ਨਿਊਜ਼ੀਲੈਂਡ ਦੇ ਵਸਨੀਕ ਹੋ, ਜੋ ਕਿ ਨਿਊਜ਼ੀਲੈਂਡ ਤੋਂ ਬਾਹਰ ਹੈ ਅਤੇ ਪਿਛਲੇ 12 ਮਹੀਨਿਆਂ ਦੇ ਅੰਦਰ ਨਿਊਜ਼ੀਲੈਂਡ ਵਿੱਚ ਨਹੀਂ ਹੋ।

(ਨੋਟ: ਉਪਰੋਕਤ ਦੋ ਨੇਮਾਂ ਲਈ ਅਪਵਾਦ ਹਨ। ਉਦਾਹਰਣ ਲਈ, ਸਰਕਾਰੀ ਨੌਕਰੀਪੇਸ਼ਾ ਜਾਂ ਰਖਿਆ ਫ਼ੌਜਾਂ ਦੇ ਉਹ ਮੈਂਬਰ, ਜੋ ਨਿਊਜ਼ੀਲੈਂਡ ਤੋਂ ਬਾਹਰ ਡਿਊਟੀ ’ਤੇ ਹਨ, ਦੇ ਨਾਲ ਨਾਲ ਉਹਨਾਂ ਦੇ ਪਰਿਵਾਰਾਂ ਦੇ ਮੈਂਬਰ।)

ਅਯੋਗਤਾ ਦੇ ਹੋਰ ਅਧਾਰ ਹਨ, ਜਿਸ ਨਾਲ ਲੋਕਾਂ ਦੀ ਬਹੁਤ ਥੋੜ੍ਹੀ ਗਿਣਤੀ ’ਤੇ ਅਸਰ ਪੈਂਦਾ ਹੈ। ਵੋਟਰਾਂ ਦੇ ਰਜਿਸਟ੍ਰਾਰ ਨੂੰ ਅਜਿਹੇ ਕਿਸੇ ਅਧਾਰ ਹੇਠ ਆਉਂਦੇ ਲੋਕਾਂ ਬਾਰੇ ਸੂਚਿਤ ਕੀਤਾ ਗਿਆ ਹੈ। ਜੇ ਅਯੋਗਤਾ ਲਈ ਹੋਰ ਅਧਾਰਾਂ ਬਾਰੇ ਤੁਹਾਡੇ ਕੋਈ ਸੁਆਲ ਜਾਂ ਚਿੰਤਾਵਾਂ ਹਨ, ਤਾਂ 0800 ENROL NOW (0800 36 76 56) ਨੂੰ ਫ਼ੋਨ ਕਰੋ ਜਾਂ ਸਾਡੀ ਵੈਬਸਾਈਟ - www.elections.org.nz ਵੇਖੋ।

## ਮੇਰਾ ਨਾਂਅ ਕਿਉਂ ਸ਼ਾਮਲ ਹੋਣਾ ਚਾਹੀਦਾ ਹੈ?

ਜੇ ਤੁਸੀਂ ਇੰਜ ਕਰਨ ਦੇ ਯੋਗ ਹੋ, ਤਾਂ ਤੁਹਾਨੂੰ ਨਾਂ ਜ਼ਰੂਰ ਲਿਖਾਉਣਾ ਚਾਹੀਦਾ ਹੈ। ਸੂਚੀ ਵਿੱਚ ਸ਼ਾਮਲ ਹੋਣ ਨਾਲ ਤੁਹਾਨੂੰ ਵੋਟ ਪਾਉਣ ਦਾ ਮੌਕਾ ਮਿਲੇਗਾ। ਵੋਟਿੰਗ, ਤੁਹਾਡੇ ਕੋਲ ਤੁਹਾਡੀ ਇਹ ਗੱਲ ਕਹਿਣ ਦਾ ਮੌਕਾ ਹੈ ਕਿ ਕਿਹੜੇ ਲੋਕ ਅਤੇ ਕਿਹੜੀਆਂ ਸਿਆਸੀ ਪਾਰਟੀਆਂ ਹਰ ਆਮ ਚੋਣਾਂ ਵਿੱਚ ਨਿਊਜ਼ੀਲੈਂਡ ਦੀ ਪਾਰਲੀਮੇਂਟ ਲਈ ਚੁਣੀਆਂ ਜਾਣ। ਤੁਹਾਡੇ ਕੋਲ ਸਥਾਨਕ ਕੌਂਸਲ ਜਾਂ ਜ਼ਿਲ੍ਹਾ ਸਿਹਤ ਬੋਰਡ ਚੋਣਾਂ ਅਤੇ ਕਿਸੇ ਲੋਕਰਾਇ ਜਾਂ ਚੋਣਾਂ ਵਿੱਚ ਵੋਟ ਪਾਉਣ ਦਾ ਮੌਕਾ ਵੀ ਹੈ।

## ਮੈਂ ਆਪਣਾ ਨਾਂ ਕਿਵੇਂ ਸ਼ਾਮਲ ਕਰਾਵਾਂ?

ਸਿਰਫ਼ “ਵੋਟ ਲਈ ਵੋਟਰ ਸੂਚੀ ਵਿੱਚ ਨਾਂ ਸ਼ਾਮਲ ਕਰਵਾਉਣਾ : ਅਰਜ਼ੀ” (“Enrolling to vote: Application”) ਨਾਮਾਂਕਣ ਫ਼ਾਰਮ ਭਰੋ। ਤੁਹਾਨੂੰ ਇੱਕ ਵੋਟਰ ਸੂਚੀ ਵਿੱਚ ਰਜਿਸਟਰ ਹੋਣ ਲਈ ਅਰਜ਼ੀ ਦੇਣਾ ਜ਼ਰੂਰੀ ਹੈ, ਭਾਵੇਂ ਕਿ ਤੁਸੀਂ ਵੋਟ ਨਹੀਂ ਦੇਣਾ ਚਾਹੁੰਦੇ।

ਜੇ ਤੁਸੀਂ ਨਿਊਜ਼ੀਲੈਂਡ ਮਾਓਰੀ ਹੋ ਜਾਂ ਨਿਊਜ਼ੀਲੈਂਡ ਮਾਓਰੀ ਮੂਲ ਦੇ ਹੋ ਅਤੇ ਇਸ ਵਿੱਚ ਪਹਿਲੀ ਵਾਰੀ ਆਪਣਾ ਨਾਂ ਦਰਜ ਕਰਵਾ ਰਹੇ ਹੋ, ਤਾਂ ਤੁਸੀਂ ਅਰਜ਼ੀ ਦੀ ਇਹ ਕਹਿਣ ਲਈ ਵੀ ਵਰਤੋਂ ਕਰ ਸਕਦੇ ਹੋ ਕਿ ਤੁਸੀਂ ਕਿਹੜੀ ਸੂਚੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ। ਤੁਸੀਂ ਮਾਓਰੀ ਜਾਂ ਆਮ ਸੂਚੀ, ਕਿਸੇ ਵਿੱਚ ਵੀ ਸ਼ਾਮਲ ਹੋਣ ਦੀ ਚੋਣ ਕਰ ਸਕਦੇ ਹੋ।

## ਮੈਂ ਸੂਚੀ ਵਿੱਚ ਨਾਂ ਦਰਜ ਕਰਾਉਣ ਵਾਲਾ ਫ਼ਾਰਮ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

- ਇਸ ਪੁਸਤਿਕਾ ਦੇ ਪਿੱਛੇ ਦਿੱਤਾ ਕੂਪਨ ਭਰੋ ਅਤੇ ਡਾਕ ਰਾਹੀਂ ਭੇਜੋ ਅਤੇ ਅਸੀਂ ਤੁਹਾਨੂੰ ਇੱਕ ਫ਼ਾਰਮ ਭੇਜਾਂਗੇ।
- ਉਹ ਕਿਸੇ ਵੀ ਡਾਕਘਰ (PostShop) ਤੋਂ ਮੁਫ਼ਤ ਮਿਲਦੇ ਹਨ।

- ਸਾਨੂੰ 0800 ENROL NOW (0800 36 76 56) ’ਤੇ ਮੁਫ਼ਤ ਫ਼ੋਨ ਕਰੋ ਅਤੇ ਅਸੀਂ ਤੁਹਾਨੂੰ ਇੱਕ ਫ਼ਾਰਮ ਭੇਜਾਂਗੇ।
- ਆਪਣੇ ਨਾਂ ਅਤੇ ਪਤੇ ਨੂੰ 3676 ’ਤੇ ਫ਼੍ਰੀ ਟੈਕਸਟ (FreeText) ਕਰੋ ਅਤੇ ਅਸੀਂ ਤੁਹਾਨੂੰ ਇੱਕ ਫ਼ਾਰਮ ਭੇਜਾਂਗੇ।
- ਬੇਨਤੀ ਭੇਜੋ ਜਾਂ ਸਾਡੀ ਵੈਬਸਾਈਟ - www.elections.org.nz ਤੋਂ ਇੱਕ ਫ਼ਾਰਮ ਪ੍ਰਿੰਟ ਕਰੋ

ਫ਼ਾਰਮ ਨੂੰ ਪੂਰਾ ਭਰਨ ਮਗਰੋਂ ਇਸਨੂੰ ਕਿਸੇ ਵੀ ਡਾਕਘਰ (PostShop) ਵਿੱਚ ਪਾ ਦਿਓ ਜਾਂ ਇਸਨੂੰ ਡਾਕ (ਡਾਕ ਟਿਕਟ ਦੀ ਲੋੜ ਨਹੀਂ) ਰਾਹੀਂ ਹੇਠਾਂ ਦਿੱਤੇ ਪਤੇ ’ਤੇ ਭੇਜ ਦਿਓ :

Freepost 2 Enrol
Electoral Enrolment Centre
P O Box 190
Wellington 6140

**ਕੀ ਮੈਂ ਸੂਚੀ ਵਿੱਚ ਨਾਂ ਲਿਖਵਾਉਣ ਜਾਂ ਆਪਣੇ ਵੇਰਵੇ ਆਧੁਨਿਕ ਬਣਾਉਣ ਲਈ ਇੰਟਰਨੈਟ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?**
ਹਾਂ, ਸਿਰਫ਼ ਸਾਡੀ ਵੈਬਸਾਈਟ - www.elections.org.nz ’ਤੇ ਜਾਓ - ਅਤੇ - “ਸ਼ਾਮਲ ਹੋਵੋ, ਜਾਂਚ ਕਰੋ ਜਾਂ ਆਧੁਨਿਕ ਬਣਾਓ!” ("Enrol, check or update – Do it here!") ਬਟਨ ’ਤੇ ਕਲਿੱਕ ਕਰੋ। ਆਪਣੇ ਸ਼ਾਮਲ ਹੋਣ ਦੇ ਵੇਰਵਿਆਂ ਨੂੰ ਭਰਨ ਲਈ ਹਿਦਾਇਤਾਂ ਦੀ ਪਾਲਣਾ ਕਰੋ। ਤੁਸੀਂ ਫਿਰ ਆਪਣੇ ਵੇਰਵਿਆਂ ਨਾਲ ਪਹਿਲਾਂ ਭਰੇ ਹੋਏ ਨਾਮਾਂਕਣ ਫ਼ਾਰਮ ਨੂੰ ਡਾਊਨਲੋਡ ਅਤੇ ਪ੍ਰਿੰਟ ਕਰ ਸਕਦੇ ਹੋ, ਇਸ ਅਮਲ ਨੂੰ ਪੂਰਾ ਕਰਨ ਲਈ ਇਸ ’ਤੇ ਦਸਤਖ਼ਤ ਕਰੋ ਅਤੇ ਇਸਨੂੰ ਭੇਜ ਦਿਓ।

ਇਸ ਤੋਂ ਇਲਾਵਾ, ਤੁਸੀਂ ਇਸ ਕਾਰਵਾਈ ਨੂੰ ਪੇਸ਼ ਕਰ ਸਕਦੇ ਹੋ ਅਤੇ ਅਸੀਂ ਤੁਹਾਨੂੰ ਪਹਿਲਾਂ ਤੋਂ ਛਪਿਆ ਵਿਅਕਤੀਗਤ ਨਾਮਾਂਕਣ ਫ਼ਾਰਮ, ਜਾਂਚ ਅਤੇ ਦਸਤਖ਼ਤ ਕਰਨ ਅਤੇ ਵਾਪਸ ਭੇਜੇ ਜਾਣ ਲਈ ਭੇਜਾਂਗੇ। ਤੁਸੀਂ ਵੈਬਸਾਈਟ ’ਤੇ ਆਪਣੇ ਨਾਮਾਂਕਣ ਵੇਰਵਿਆਂ ਦੀ ਆੱਨਲਾਈਨ ਜਾਂਚ ਵੀ ਕਰ ਸਕਦੇ ਹੋ।

**ਕੀ ਮੈਂ 18 ਸਾਲ ਤੋਂ ਪਹਿਲਾਂ ਆਪਣਾ ਨਾਂ ਦਰਜ ਕਰਾ ਸਕਦਾ/ਸਕਦੀ ਹਾਂ?**

ਹਾਂ, ਜਿਉਂ ਹੀ ਤੁਸੀਂ 17 ਸਾਲ ਦੇ ਹੁੰਦੇ ਹੋ, ਤੁਸੀਂ ਇੱਕ ਨਾਮਾਂਕਣ ਫ਼ਾਰਮ ਭਰਕੇ “ਆਰਜ਼ੀ ਨਾਮਾਂਕਣ” ਕਰ ਸਕਦੇ ਹੋ। ਜਦੋਂ ਤੁਸੀਂ 18 ਸਾਲ ਦੇ ਹੁੰਦੇ ਹੋ, ਤਾਂ ਤੁਹਾਡਾ ਨਾਂ ਆਪਣੇ ਆਪ ਸ਼ਾਮਲ ਹੋ ਜਾਏਗਾ।

ਹੋਰ ਜਾਣਕਾਰੀ, “18 ਸਾਲ ਦੇ ਹੋਣ ਤੋਂ ਪਹਿਲਾਂ ਵੋਟ ਦੇਣ ਲਈ ਨਾਮਾਂਕਣ ਕਰਨਾ” (“Enrolling to vote before you’re 18”) ਨਾਂ ਦੀ ਸਾਡੀ ਪੁਸਤਿਕਾ ਵਿੱਚ ਉਪਲਬਧ ਹੈ। ਇਹ ਕਿਸੇ ਵੀ ਡਾਕਘਰ (PostShop) ’ਤੇ ਉਪਲਬਧ ਹੈ ਜਾਂ ਇਸਨੂੰ ਭੇਜੇ ਜਾਣ ਲਈ 0800 ENROL NOW (0800 36 76 56) ’ਤੇ ਫ਼ੋਨ ਕਰੋ।

**ਮੈਂ ਅਪੰਗ ਹਾਂ। ਕੀ ਨਾਂ ਦਰਜ ਕਰਾਉਣ ਵਿੱਚ ਮੈਨੂੰ ਸਹਾਇਤਾ ਮਿਲ ਸਕਦੀ ਹੈ?**
ਜੇ ਤੁਸੀਂ ਸਰੀਰਕ ਤੌਰ ’ਤੇ ਅਪੰਗ ਹੋ ਅਤੇ ਤੁਹਾਨੂੰ ਆਪਣੇ ਨਾਮਾਂਕਣ ਫ਼ਾਰਮ ਨੂੰ ਭਰਨ ਅਤੇ ਵਾਪਸ ਭੇਜਣ ਵਿੱਚ ਮਦਦ ਦੀ ਲੋੜ ਹੈ, ਤਾਂ ਤੁਸੀਂ ਕੀ ਕਰ ਸਕਦੇ ਹੋ, ਬਾਰੇ ਇੱਥੇ ਜਾਣਕਾਰੀ ਦਿੱਤੀ ਗਈ ਹੈ :

- ਤੁਸੀਂ ਇੱਕ ਰਜਿਸਟਰ ਹੋਏ ਵੋਟਰ ਵਲੋਂ ਇਸਨੂੰ ਭਰਵਾ ਅਤੇ ਦਸਤਖ਼ਤ ਕਰਵਾ ਸਕਦੇ ਹੋ। ਉਹਨਾਂ ਵਲੋਂ, ਤੁਹਾਡੇ ਫ਼ਾਰਮ ’ਤੇ ਆਪਣੇ ਦਸਤਖ਼ਤ ਨਾਲ “ਸਰੀਰਕ ਅਪੰਗਤਾ ਵਾਲਾ ਵੋਟਰ - ਉਹਨਾਂ ਦੀ ਹਿਦਾਇਤ ’ਤੇ ਦਸਤਖ਼ਤ ਕੀਤਾ ਗਿਆ” ("Elector Physically Disabled – signed by their direction") ਲਿਖਿਆ ਜਾਣਾ ਲਾਜ਼ਮੀ ਹੈ।
- ਜਾਂ, ਤੁਸੀਂ ਇੱਕ ਅਜਿਹੇ ਵਿਅਕਤੀ ਵਲੋਂ ਫ਼ਾਰਮ ਨੂੰ ਭਰਵਾਉਂਦੇ ਹੋ ਅਤੇ ਦਸਤਖ਼ਤ ਕਰਵਾਉਂਦੇ ਹੋ, ਜਿਸ ਨੂੰ ਤੁਸੀਂ ਅਖ਼ਤਿਆਰਨਾਮਾ ਦਿੱਤਾ ਹੋਇਆ ਹੈ। ਉਹਨਾਂ ਨੂੰ ਫ਼ਾਰਮ ’ਤੇ ਆਪਣੇ ਦਸਤਖ਼ਤ ਦੇ ਨਾਲ “ਸਰੀਰਕ ਅਪੰਗਤਾ ਵਾਲਾ ਵੋਟਰ - ਅਖ਼ਤਿਆਰਨਾਮਾ” ("Elector Physically Disabled – Power of Attorney") ਲਿਖਣਾ ਲਾਜ਼ਮੀ ਹੈ।

ਜੇ ਤੁਹਾਡੇ ਪਰਿਵਾਰ ਦਾ ਇੱਕ ਮੈਂਬਰ, ਮਾਨਸਿਕ ਤੌਰ ’ਤੇ ਅਸਮਰੱਥ ਹੈ, ਤਾਂ ਤੁਸੀਂ ਉਹਨਾਂ ਦਾ ਨਾਂ ਸੂਚੀ ਵਿੱਚ ਸ਼ਾਮਲ ਕਰ ਸਕਦੇ ਹੋ। ਵੇਰਵਿਆਂ ਲਈ 0800 ENROL NOW (0800 36 76 56) ’ਤੇ ਸਾਨੂੰ ਮੁਫ਼ਤ ਫ਼ੋਨ ਕਰੋ।

**ਮੇਰਾ ਪਰਿਵਾਰ ਜਾਂ ਦੋਸਤ ਵਿਦੇਸ਼ ਵਿੱਚ ਰਹਿੰਦੇ ਹਨ। ਕੀ ਮੈਂ ਉਹਨਾਂ ਦੇ ਨਾਂ ਲਿਖਵਾ ਸਕਦਾ/ਸਕਦੀ ਹਾਂ?**
ਹਾਂ। ਬਸ਼ਰਤੇ ਕਿ ਉਹ ਹਾਲੀਂ ਆਪਣੇ ਨਾਮਾਂਕਣ ਲਈ ਯੋਗ ਹੋਣ, ਤੁਸੀਂ ਉਹਨਾਂ ਦਾ ਨਾਮਾਂਕਣ ਫ਼ਾਰਮ ਭਰ ਸਕਦੇ ਹੋ। ਤੁਸੀਂ ਕੀ ਕਰ ਸਕਦੇ ਹੋ, ਇੱਥੇ ਦਿੱਤਾ ਗਿਆ ਹੈ :

- ਜੇ ਤੁਸੀਂ ਇੱਕ ਰਜਿਸਟਰਡ ਵੋਟਰ ਹੋ, ਤਾਂ ਤੁਸੀਂ ਉਹਨਾਂ ਦਾ ਫ਼ਾਰਮ ਭਰ ਸਕਦੇ ਹੋ ਅਤੇ ਇਸ ’ਤੇ ਦਸਤਖ਼ਤ ਕਰ ਸਕਦੇ ਹੋ। ਤੁਹਾਨੂੰ, ਉਹਨਾਂ ਦੇ ਫ਼ਾਰਮ ’ਤੇ ਆਪਣੇ ਦਸਤਖ਼ਤ ਨਾਲ “ਵਿਦੇਸ਼ ਵਿਚਲਾ ਵੋਟਰ - ਉਹਨਾਂ ਦੀ ਹਿਦਾਇਤ ’ਤੇ ਦਸਤਖ਼ਤ ਕੀਤਾ ਗਿਆ” ("Elector overseas – signed by their direction") ਲਿਖਣਾ ਲਾਜ਼ਮੀ ਹੈ।
- ਜਾਂ, ਤੁਹਾਡੇ ਕੋਲ, ਉਹਨਾਂ ਦਾ ਅਖ਼ਤਿਆਰਨਾਮਾ ਹੈ, ਤਾਂ ਤੁਸੀਂ ਉਹਨਾਂ ਦਾ ਫ਼ਾਰਮ ਭਰ ਸਕਦੇ ਹੋ ਅਤੇ ਇਸ ’ਤੇ ਦਸਤਖ਼ਤ ਕਰ ਸਕਦੇ ਹੋ। ਤੁਹਾਨੂੰ, ਉਹਨਾਂ ਦੇ ਫ਼ਾਰਮ ’ਤੇ ਆਪਣੇ ਦਸਤਖ਼ਤ ਨਾਲ “ਵਿਦੇਸ਼ ਵਿਚਲਾ ਵੋਟਰ - ਅਖ਼ਤਿਆਰਨਾਮਾ” ("Elector Overseas – Power of Attorney") ਲਿਖਣਾ ਲਾਜ਼ਮੀ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਵੋਟ ਦੇ ਸਕੋ, ਤੁਹਾਨੂੰ ਸੂਚੀ ਵਿੱਚ ਨਾਂ ਸ਼ਾਮਲ ਕਰਵਾਉਣ ਦੀ ਲੋੜ ਹੈ

**ਅਣਪ੍ਰਕਾਸ਼ਿਤ ਵੋਟਰ ਸੂਚੀ ਕੀ ਹੈ?**
ਜੇ ਤੁਹਾਨੂੰ ਲਗਦਾ ਹੈ ਕਿ ਪ੍ਰਕਾਸ਼ਿਤ ਸੂਚੀ ਵਿੱਚ ਦਰਜ ਹੋਏ ਤੁਹਾਡੇ ਵੇਰਵਿਆਂ ਨਾਲ ਤੁਹਾਡੀ ਨਿਜੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ, ਤਾਂ ਤੁਸੀਂ ਆਪਣੇ ਵੇਰਵਿਆਂ ਨੂੰ ਸੂਚੀ ਵਿੱਚ ਨਾ ਵਿਖਾਏ ਜਾਣ ਦੀ ਬੇਨਤੀ ਕਰ ਸਕਦੇ ਹੋ। ਤੁਹਾਨੂੰ ਇਸ ਉਦੇਸ਼ ਲਈ ਇੱਕ ਵੱਖਰੀ ਅਰਜ਼ੀ ਦੇਣ ਦੀ ਲੋੜ ਹੋਏਗੀ ਅਤੇ ਤੁਹਾਨੂੰ ਆਪਣੀਆਂ ਨਿਜੀ ਸਥਿਤੀਆਂ, ਜਿਵੇਂ ਸੁਰੱਖਿਆ ਆਦੇਸ਼, ਪਾਬੰਦੀ ਵਾਲਾ ਆਦੇਸ਼ ਜਾਂ ਪੁਲਿਸ ਦੇ ਮੈਂਬਰ ਤੋਂ ਇੱਕ ਕਾਨੂੰਨੀ ਐਲਾਨਨਾਮੇ ਵਰਗੇ ਕੁਝ ਸਬੂਤ ਵਿਖਾਉਣ ਦੀ ਲੋੜ ਹੈ।

ਹੋਰ ਜਾਣਕਾਰੀ ਅਤੇ ਅਰਜ਼ੀ ਫ਼ਾਰਮ ਸਾਡੀ “ਅਣਪ੍ਰਕਾਸ਼ਿਤ ਵੋਟਰ ਸੂਚੀਆਂ ਬਾਰੇ ਤੁਹਾਨੂੰ ਸਭ ਕੁਝ ਜਾਣਨ ਦੀ ਲੋੜ ਹੈ” (“Everything you need to know about the unpublished electoral roll”) ਨਾਂ ਦੀ ਪੁਸਤਿਕਾ ਵਿੱਚ ਉਪਲਬਧ ਹੈ। ਕਿਸੇ ਵੀ ਡਾਕਘਰ (PostShop) ’ਤੇ ਉਪਲਬਧ ਹੈ ਜਾਂ ਇੱਕ ਭੇਜੇ ਜਾਣ ਲਈ 0800 ENROL NOW (0800 36 76 56) ’ਤੇ ਫ਼ੋਨ ਕਰੋ।

**ਸੂਚੀ ਵਿੱਚ ਆਪਣਾ ਨਾਂ ਦਰਜ ਕਰਾਉਣ ਵਾਲਾ ਫ਼ਾਰਮ ਭੇਜਣ ਤੋਂ ਬਾਅਦ ਕੀ ਹੁੰਦਾ ਹੈ?**
ਤੁਹਾਡਾ ਵੋਟਰਾਂ ਬਾਰੇ ਰਜਿਸਟ੍ਰਾਰ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਇਹ ਸਹੀ ਢੰਗ ਨਾਲ ਭਰਿਆ ਗਿਆ ਹੈ। ਜੇ ਇਹ ਹੈ, ਤਾਂ ਤੁਹਾਡਾ ਨਾਂ ਉਸ ਚੋਣ ਹਲਕੇ ਵਿੱਚ ਸ਼ਾਮਲ ਕੀਤਾ ਜਾਏਗਾ, ਜਿੱਥੇ ਤੁਸੀਂ ਪਿਛਲੇ ਘੱਟੋ ਘੱਟ ਇੱਕ ਮਹੀਨੇ ਤੋਂ ਰਹਿ ਰਹੇ ਹੋ। ਅਸੀਂ ਤੁਹਾਡੇ ਨਾਮਾਂਕਣ ਦੀ ਪੁਸ਼ਟੀ ਲਈ ਡਾਕ ਰਾਹੀਂ ਤੁਹਾਨੂੰ ਨੋਟੀਫ਼ਿਕੇਸ਼ਨ ਭੇਜਾਂਗੇ।

ਹੋਰ ਜਾਣਕਾਰੀ ਲਈ 0800 ENROL NOW (0800 36 76 56) ’ਤੇ ਫ਼ੋਨ ਕਰੋ ਜਾਂ www.elections.org.nz ਵੇਖੋ

**ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ?**
ਕਿਰਪਾ ਕਰਕੇ ਨਾਮਾਂਕਣ ਫ਼ਾਰਮ ’ਤੇ ਦਿੱਤੇ ਗਏ ਸਾਰੇ ਸੁਆਲਾਂ ਦੇ ਜਵਾਬ ਦਿਓ, ਤਾਂ ਕਿ ਅਸੀਂ ਤੁਹਾਡਾ ਨਾਂ ਸਹੀ ਤਰ੍ਹਾਂ ਦਰਜ ਕਰ ਸਕੀਏ। ਵੋਟਰ ਸੂਚੀ ਵਿੱਚ (*) ਨਿਸ਼ਾਨ ਵਾਲੀਆਂ ਮਦਾਂ ਹੀ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

*ਤੁਹਾਡਾ ਪੂਰਾ ਨਾਂ :

ਇਸਦੀ ਇਹ ਜਾਂਚ ਕਰਨ ਲਈ ਲੋੜ ਹੈ ਕਿ ਤੁਸੀਂ ਸੂਚੀ ਵਿੱਚ ਠੀਕ ਤਰੀਕੇ ਨਾਲ ਨਾਂ ਲਿਖਵਾਇਆ ਹੈ ਅਤੇ ਇੱਕੋ ਜਾਂ ਇੱਕੋ ਜਿਹੇ ਨਾਵਾਂ ਵਾਲੇ ਲੋਕਾਂ ਨੂੰ ਵਖਰਿਆਉਣ ਲਈ ਹੈ।

ਜਨਮ ਤਾਰੀਖ਼ :
ਇਹ ਤੁਹਾਡੇ ਵੋਟਰਾਂ ਬਾਰੇ ਰਜਿਸਟ੍ਰਾਰ ਨੂੰ ਦੱਸਦਾ ਹੈ ਕਿ ਤੁਸੀਂ ਸੂਚੀ ਵਿੱਚ ਸ਼ਾਮਲ ਹੋਣ ਯੋਗ ਵੱਡੇ ਹੋ ਗਏ ਹੋ ਅਤੇ ਇੱਕੋ ਨਾਂ ਵਾਲੇ ਲੋਕਾਂ ਵਿਚਕਾਰ ਫ਼ਰਕ ਦੱਸ਼ਣ ਵਿੱਚ ਸਾਡੀ ਮਦਦ ਵੀ ਕਰ ਸਕਦੇ ਹੋ।

ਦਸਤਖ਼ਤ ਅਤੇ ਤਾਰੀਖ਼ :
ਜੇ ਤੁਸੀਂ ਨਿਊਜ਼ੀਲੈਂਡ ਮਾਓਰੀ ਹੋ ਜਾਂ ਨਿਊਜ਼ੀਲੈਂਡ ਮਾਓਰੀ ਮੂਲ ਦੇ ਹੋ, ਤਾਂ ਤੁਹਾਡੇ ਵਲੋਂ ਮਾਓਰੀ ਪੈਨਲ ਜਾਂ ਆਮ ਪੈਨਲ ’ਤੇ ਦਸਤਖ਼ਤ ਕਰਨ ਅਤੇ ਤਾਰੀਖ਼ ਲਿਖਣੀ ਜ਼ਰੂਰੀ ਹੈ। ਤੁਹਾਨੂੰ ਦੋਹਾਂ ’ਤੇ ਦਸਤਖ਼ਤ ਨਹੀਂ ਕਰਨੇ ਚਾਹੀਦੇ। ਇਹ ਮਹੱਤਵਪੂਰਣ ਹੈ ਕਿ ਤੁਸੀਂ ਧਿਆਨ ਨਾਲ ਚੁਣੋ ਕਿ ਤੁਸੀਂ ਕਿਹੜੀ ਸੂਚੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ। ਹੋਰ ਸਾਰੇ ਲੋਕਾਂ ਨੂੰ ਆਮ ਪੈਨਲ ਵਿੱਚ ਦਸਤਖ਼ਤ ਕਰਨੇ ਅਤੇ ਤਾਰੀਖ਼ ਲਿਖਣੀ ਚਾਹੀਦੀ ਹੈ। ਜੇ ਤੁਸੀਂ ਸਰੀਰਕ ਤੌਰ ’ਤੇ ਅਪੰਗ ਹੋ ਜਾਂ ਵਿਦੇਸ਼ ਵਿੱਚ ਹੋ, ਤਾਂ ਅਰਜ਼ੀ ’ਤੇ ਤੁਹਾਡੇ ਵਲੋਂ ਦਸਤਖ਼ਤ ਕੀਤੇ ਜਾ ਸਕਦੇ ਹਨ।

*ਰਿਹਾਇਸ਼ੀ ਪਤਾ
ਇਹ ਤੁਹਾਡੇ ਘਰ ਦਾ ਪਤਾ ਹੈ। ਇੱਕ ਨਿਊਜ਼ੀਲੈਂਡ ਪੋਸਟ ਬਾੱਕਸ ਜਾਂ ਦਿਹਾਤੀ ਡਿਲੀਵਰੀ ਨੰਬਰ ਤੁਹਾਡੇ ਪਤੇ ਬਾਰੇ ਦੱਸਣ ਲਈ ਕਾਫ਼ੀ ਨਹੀਂ ਹੈ। ਸਾਨੂੰ, ਤੁਹਾਡੇ ਘਰ ਦਾ ਪੂਰਾ ਪਤਾ ਚਾਹੀਦਾ ਹੈ, ਤਾਂ ਜੋ ਅਸੀਂ ਤੁਹਾਨੂੰ ਉਸ ਚੋਣ ਹਲਕੇ ਵਿੱਚ ਸ਼ਾਮਲ ਕਰ ਸਕੀਏ, ਜਿਸ ਵਿੱਚ ਤੁਸੀਂ ‘ਰਹਿੰਦੇ’ ਹੋ।

ਤੁਸੀਂ ਉਸ ਥਾਂ ’ਤੇ “ਰਹਿੰਦੇ” ਹੋ, ਜਿੱਥੇ ਤੁਸੀਂ ਆਪਣੇ ਪਰਿਵਾਰਕ ਜਾਂ ਵਿਅਕਤੀਗਤ ਸੰਬੰਧਾਂ ਜਾਂ ਦੂਜੇ ਘਰੇਲੂ ਜਾਂ ਵਿਅਕਤੀਗਤ ਕਾਰਣਾਂ ਕਰਕੇ ਆਪਣਾ ਘਰ ਬਣਾਉਣ ਦੀ ਚੋਣ ਕੀਤੀ ਹੈ। ਸਿਰਫ਼ ਇਹ ਕਾਰਣ ਹੈ ਕਿ ਤੁਸੀਂ ਕਦੀ-ਕਦਾਈਂ ਜਾਂ ਆਰਜ਼ੀ ਤੌਰ ’ਤੇ ਉਸ ਥਾਂ ਤੋਂ ਗ਼ੈਰਹਾਜ਼ਰ ਰਹਿੰਦੇ ਹੋ ਇਸਦਾ ਅਰਥ ਇਹ ਨਹੀਂ ਹੈ ਕਿ ਤੁਸੀਂ ਉੱਥੇ ਨਹੀਂ ਰਹਿੰਦੇ। ਆਪਣੇ ਰੋਜ਼ਗਾਰ ਜਾਂ ਪੜ੍ਹਾਈ (ਜਾਂ ਤੁਹਾਡੇ ਪਤੀ/ਪਤਨੀ ਦਾ ਰੋਜ਼ਗਾਰ ਜਾਂ ਪੜ੍ਹਾਈ) ਕਾਰਣ ਆਪਣੀ ਰਿਹਾਇਸ਼ ਦੀ ਥਾਂ ਤੋਂ ਗ਼ੈਰਹਾਜ਼ਰ ਰਹਿਣ ਨਾਲ ਵੀ ਫ਼ਰਕ ਨਹੀਂ ਪੈਂਦਾ।
ਇਹ ਪਤਾ ਲਾਉਣ ਵਿੱਚ ਕਿ ਤੁਸੀਂ ਕਿੱਥੇ ਰਹਿੰਦੇ ਹੋ, ਸਭ ਤੋਂ ਵੱਧ ਮਹਤੱਵਪੂਰਣ ਕਾਰਣ ਹੈ ਕਿ ਤੁਸੀਂ ਕਿੱਥੇ ਆਪਣਾ ਘਰ ਬਣਾਉਣ ਲਈ ਚੋਣ ਕੀਤੀ ਹੈ।

ਡਾਕ ਪਤਾ :
ਇਸਦੀ ਲੋੜ ਹੁੰਦੀ ਹੈ, ਜੇ ਡਾਕ ਲਈ ਤੁਹਾਡਾ ਪਤਾ ਤੁਹਾਡੇ ਰਿਹਾਇਸ਼ੀ ਪਤੇ ਤੋਂ ਵੱਖਰਾ ਹੈ। ਸਾਨੂੰ, ਤੁਹਾਨੂੰ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦੀ ਪੁਸ਼ਟੀ ਲਈ, ਤੁਹਾਨੂੰ ਲਿਖਣ ਦੀ ਲੋੜ ਹੈ।

*ਕੰਮ-ਧੰਦਾ/ਕਾਰੋਬਾਰ :
ਇਸ ਨਾਲ ਸਾਨੂੰ ਉਹਨਾਂ ਲੋਕਾਂ ਵਿਚਕਾਰ ਫ਼ਰਕ ਕਰਨ ਵਿੱਚ ਮਦਦ ਮਿਲ ਸਕਦੀ ਹੈ, ਜਿਹਨਾਂ ਦੇ ਇੱਕੋ ਜਿਹੇ ਨਾਂ ਹਨ, ਇਹ ਛਪੀ ਹੋਈ ਸੂਚੀ ਵਿੱਚ ਅਕਸਰ ਇੱਕ ਸੰਖੇਪ ਰੂਪ ਵਿੱਚ ਲਿਖਿਆ ਹੁੰਦਾ ਹੈ।

ਕੀ ਤੁਸੀਂ ਮਾਓਰੀ ਹੋ?
ਸਿਰਫ਼ ਨਿਊਜ਼ੀਲੈਂਡ ਮਾਓਰੀ ਜਾਂ ਨਿਊਜ਼ੀਲੈਂਡ ਮਾਓਰੀ ਮੂਲ ਦੇ ਲੋਕ “ਹਾਂ” ਵਾਲੇ ਗੋਲੇ ’ਤੇ ਨਿਸ਼ਾਨ ਲਾਕੇ ਜਵਾਬ ਦੇ ਸਕਦੇ ਹਨ। ਹੋਰ ਸਾਰੇ ਲੋਕਾਂ ਨੂੰ “ਨਹੀਂ” ਵਾਲੇ ਗੋਲੇ ’ਤੇ ਨਿਸ਼ਾਨ ਲਾਉਣਾ ਚਾਹੀਦਾ ਹੈ।

ਫ਼ੋਨ ਨੰਬਰ :
ਇਹ ਚਾਹੀਦੇ ਹਨ, ਜੇ ਸਾਨੂੰ ਤੁਹਾਡੇ ਨਾਲ ਸੰਪਰਕ ਕਰਨ ਦੀ ਲੋੜ ਪਏ।

ਨਕਸ਼ੇ ਦਾ ਖ਼ਾਕਾ :
ਜੇ ਤੁਸੀਂ ਬਿਨਾਂ ਨੰਬਰ ਵਾਲੇ ਪਤੇ ’ਤੇ ਰਹਿੰਦੇ ਹੋ, ਤਾਂ ਤੁਹਾਡੀ ਸਹੀ ਵੋਟਰ ਸੂਚੀ ਦਾ ਪਤਾ ਲਾਉਣ ਵਿੱਚ ਮਦਦ ਲਈ ਤੁਹਾਡੀ ਰਿਹਾਇਸ਼ ਦੀ ਥਾਂ ਨੂੰ ਦਰਸਾਉਣ ਵਾਲੇ ਇੱਕ ਨਕਸ਼ੇ ਦੀ ਲੋੜ ਹੈ।

ਕੀ ਤੁਸੀਂ ਹਾਲ ਵਿੱਚ ਹੀ ਆਪਣਾ ਪਤਾ ਬਦਲਿਆ ਹੈ?
ਜੇ ਤੁਸੀਂ ਆਪਣੇ ਮੌਜੂਦਾ ਰਿਹਾਇਸ਼ੀ ਪਤੇ ’ਤੇ ਇੱਕ ਮਹੀਨੇ ਤੋਂ ਘੱਟ ਸਮੇਂ ਤੋਂ ਰਹਿ ਰਹੇ ਹੋ, ਤਾਂ ਕਿਰਪਾ ਕਰਕੇ ਇਹਨਾਂ ਪੈਨਲਾਂ ਨੂੰ ਪੂਰਾ ਕਰੋ।

ਵਿਦੇਸ਼ ਵਿੱਚ ਰਹਿ ਰਹੇ ਨਿਊਜ਼ੀਲੈਂਡ ਦੇ ਲੋਕ :
ਜੇ ਤੁਸੀਂ ਵਿਦੇਸ਼ ਵਿੱਚ ਰਹਿੰਦੇ ਹੋ, ਤਾਂ ਹੀ ਤੁਹਾਨੂੰ ਇਹਨਾਂ ਪੈਨਲਾਂ ਨੂੰ ਭਰਨਾ ਚਾਹੀਦਾ ਹੈ। ਕਿਰਪਾ ਕਰਕੇ ਲਿਖੋ ਕਿ ਤੁਸੀਂ ਆਖ਼ਰੀ ਵਾਰੀ ਕਦੋਂ ਨਿਊਜ਼ੀਲੈਂਡ ਵਿੱਚ ਰਹਿੰਦੇ ਸੀ, ਕਦੋਂ ਤੁਸੀਂ ਵਿਦੇਸ਼ ਵਿੱਚ ਚਲੇ ਗਏ ਅਤੇ ਨਿਊਜ਼ੀਲੈਂਡ ਤੋਂ ਪਹਿਲਾਂ ਤੁਸੀਂ ਘੱਟੋ ਘੱਟ ਇੱਕ ਮਹੀਨੇ ਲਈ ਕਿਹੜੇ ਆਖ਼ਰੀ ਪਤੇ ’ਤੇ ਰਹੇ ਹੋ।

## ਮਾਓਰੀ ਸੂਚੀ ਵਿੱਚ ਨਾਂ ਚੜ੍ਹਾਉਣਾ

**ਮਾਓਰੀ ਵੋਟਰ ਵਿਕਲਪ (Maori Electoral Option)?**
ਜੇ ਤੁਸੀਂ ਨਿਊਜ਼ੀਲੈਂਡ ਮਾਓਰੀ ਜਾਂ ਨਿਊਜ਼ੀਲੈਂਡ ਮਾਓਰੀ ਮੂਲ ਦੇ ਹੋ, ਤਾਂ ਤੁਸੀਂ ਆਮ ਜਾਂ ਮਾਓਰੀ ਵੋਟਰ ਸੂਚੀ ਦੋਹਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰ ਸਕਦੇ ਹੋ।

**ਮੈਂ ਇੱਕ ਨਿਊਜ਼ੀਲੈਂਡ ਮਾਓਰੀ (New Zealand Maori) ਹਾਂ। ਮੈਂ ਕਿਵੇਂ ਚੋਣ ਕਰ ਸਕਦਾ/ਸਕਦੀ ਹਾਂ ਕਿ ਕਿਹੜੀ ਵੋਟਰ ਸੂਚੀ ਵਿੱਚ ਮੇਰਾ ਨਾਂ ਹੋਵੇ?**
ਹਰ ਪੰਜ ਸਾਲਾਂ ਵਿੱਚ ਇੱਕ ਮਾਓਰੀ ਵੋਟਰ ਵਿਕਲਪ ਫ਼ਾਰਮ ਚੋਣ ਸੂਚੀ ਵਿੱਚ ਉਹਨਾਂ ਸਾਰੇ ਲੋਕਾਂ ਨੂੰ ਭੇਜਿਆ ਜਾਂਦਾ ਹੈ, ਜਿਹਨਾਂ ਨੇ ਕਿਹਾ ਹੈ ਕਿ ਉਹ ਨਿਊਜ਼ੀਲੈਂਡ ਮਾਓਰੀ ਮੂਲ ਦੇ ਹਨ। ਇਸ ਫ਼ਾਰਮ ਦੀ ਇਹ ਚੋਣ ਕਰਨ ਲਈ ਵਰਤੋਂ ਕੀਤੀ ਜਾਂਦੀ ਹੈ ਕਿ ਕੀ ਤੁਸੀਂ ਮਾਓਰੀ ਵੋਟਰ ਸੂਚੀ ਵਿੱਚ ਆਪਣਾ ਨਾਂ ਰਖਣਾ ਚਾਹੁੰਦੇ ਹੋ ਜਾਂ ਆਮ ਵੋਟਰ ਸੂਚੀ ਵਿੱਚ। ਇਸਨੂੰ ਮਾਓਰੀ ਵੋਟਰ ਵਿਕਲਪ ਕਾਰਵਾਈ ਕਿਹਾ ਜਾਂਦਾ ਹੈ।

**ਜੇ ਮੈਂ ਇੱਕ ਮਾਓਰੀ ਹਾਂ ਅਤੇ ਪਹਿਲੀ ਵਾਰੀ ਨਾਂ ਦਰਜ ਕਰਾ ਰਿਹਾ/ਰਹੀ ਹਾਂ ਤਾਂ ਕੀ?**
ਜੇ ਤੁਸੀਂ ਇੱਕ ਨਿਊਜ਼ੀਲੈਂਡ ਮਾਓਰੀ ਹੋ, ਤਾਂ ਤੁਸੀਂ ਸੂਚੀ ਵਿੱਚ ਨਾਮਾਂਕਣ ਫ਼ਾਰਮ ’ਤੇ ਢੁਕਵੇਂ ਪੈਨਲ ’ਤੇ ਦਸਤਖ਼ਤ ਕਰਦੇ ਹੋ ਕਿ ਤੁਸੀਂ ਕਿਸ ਸੂਚੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ। ਜਦੋਂ ਤੁਸੀਂ ਇੱਕ ਵਾਰੀ ਆਪਣੀ ਚੋਣ ਕਰ ਲੈਂਦੇ ਹੋ, ਤਾਂ ਅਸੀਂ ਅਗਲੀ ਮਾਓਰੀ ਵੋਟਰ ਵਿਕਲਪ ਕਾਰਵਾਈ ਤੱਕ ਇਸਨੂੰ ਬਦਲ ਨਹੀਂ ਸਕਦੇ।

**ਮਾਓਰੀ ਵੋਟਰ ਵਿਕਲਪ ਅਕਸਰ ਕਦੋਂ ਕੀਤਾ ਜਾਂਦਾ ਹੈ?**
ਮਾਓਰੀ ਵੋਟਰ ਵਿਕਲਪ ਆਮ ਤੌਰ ’ਤੇ ਹਰ ਪੰਜ ਸਾਲਾਂ ਵਿੱਚ ਚਾਰ ਮਹੀਨੇ ਦੇ ਵਕਫ਼ੇ ਨਾਲ ਕੀਤਾ ਜਾਂਦਾ ਹੈ ਅਤੇ ਇਹ ਮਾਓਰੀ ਵੋਟਰ ਨੂੰ ਜਾਇਜ਼ਾ ਲੈਣ ਅਤੇ ਸੂਚੀ ਦੀ ਕਿਸਮ, ਜਿਸ ਵਿੱਚ ਉਹਨਾਂ ਦਾ ਨਾਂ ਸ਼ਾਮਲ ਹੈ, ਨੂੰ ਬਦਲਣ ਦਾ ਮੌਕਾ ਦੇਂਦਾ ਹੈ।

**ਮੈਂ ਇੱਕ ਪੈਸਿਫ਼ਿਕ ਆਈਲੈਂਡਸ ਪਾੱਲੀਨੇਸ਼ੀਅਨ (Pacific Islands Polynesian) ਹਾਂ। ਕੀ ਮੇਰਾ ਨਾਂ ਮਾਓਰੀ ਵੋਟਰ ਸੂਚੀ ਵਿੱਚ ਦਰਜ ਹੋ ਸਕਦਾ ਹੈ?**
ਨਹੀਂ। ਇਹ ਸਿਰਫ਼ ਨਿਊਜ਼ੀਲੈਂਡ ਮਾਓਰੀ ਜਾਂ ਨਿਊਜ਼ੀਲੈਂਡ ਮਾਓਰੀ ਮੂਲ ਦੇ ਲੋਕਾਂ ਲਈ ਹੈ। ਕੁੱਕ ਆਈਲੈਂਡਸ ਮਾਓਰੀ ਅਤੇ ਹੋਰ ਪੈਸਿਫ਼ਿਕ ਆਈਲੈਂਡਰਸ, ਜੋ ਵੋਟਰ ਸੂਚੀ ਵਿੱਚ ਨਾਂ ਲਿਖਵਾਉਣ ਦੇ ਯੋਗ ਹਨ, ਆਮ ਵੋਟਰ ਸੂਚੀ ਵਿੱਚ ਆਪਣਾ ਨਾਂ ਲਿਖਵਾ ਸਕਦੇ ਹਨ।

ਹੋਰ ਜਾਣਕਾਰੀ ਲਈ ਸਾਡੀ “ਨਿਊਜ਼ੀਲੈਂਡ ਮਾਓਰੀ ਵਜੋਂ ਵੋਟ ਦੇਣ ਲਈ ਨਾਮਾਂਕਣ” (“Enrolling to vote as a New Zealand Maori”) ਨਾਂ ਦੀ ਪੁਸਤਿਕਾ ਉਪਲਬਧ ਹੈ।

**ਵੋਟਰ ਸੂਚੀਆਂ**
ਹੋਰ ਜਾਣਕਾਰੀ ਲਈ 0800 ENROL NOW (0800 36 76 56) ’ਤੇ ਫ਼ੋਨ ਕਰੋ ਜਾਂ www.elections.org.nz ਵੇਖੋ

### ਪਾਰਲੀਮੈਂਟਰੀ ਵੋਟਰ ਸੂਚੀ ਕੀ ਹੈ?

ਇਹ ਸੂਚੀ, ਉਸ ਚੋਣ ਹਲਕੇ ਵਿੱਚ ਹਰ ਕਿਸੇ, ਜਿਸਦਾ ਨਾਂ ਸ਼ਾਮਲ ਹੋਇਆ ਹੈ, ਦੇ ਵੇਰਵਿਆਂ ਦਾ ਰਿਕਾਰਡ ਹੈ। ਇਸ ਵਿੱਚ ਉਹਨਾਂ ਦੇ ਨਾਂ, ਰਿਹਾਇਸ਼ੀ ਪਤੇ ਜਾਂ ਕੰਮਕਾਜ (ਕਾਰੋਬਾਰ) ਸ਼ਾਮਲ ਹਨ। ਹਰ ਕਿਸੇ ਨੂੰ ਇਸਨੂੰ ਵੇਖਣ ਦਾ ਹੱਕ ਹੈ। ਹਰ ਸਾਲ ਇੱਕ ਨਵੀਂ ਸੂਚੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਸਿਵਾਇ ਪਾਰਲੀਮੈਂਟਰੀ ਚੋਣ ਦੇ ਸਾਲਾਂ ਦੇ। ਇਹਨਾਂ ਸਾਲਾਂ ਵਿੱਚ ਦੋ ਸੂਚੀਆਂ ਪ੍ਰਕਾਸ਼ਿਤ ਹੁੰਦੀਆਂ ਹਨ; ਪਹਿਲੀ ਸੂਚੀ ਹਰ ਇੱਕ ਵਲੋਂ ਇਹ ਵੇਖੇ ਜਾਣ ਲਈ ਹੈ ਕਿ ਉਹਨਾਂ ਦੇ ਵੇਰਵੇ ਠੀਕ ਹਨ ਅਤੇ ਦੂਜੀ ਦੀ ਚੋਣਾਂ ਵਾਲੇ ਦਿਨ ਵਰਤੋਂ ਕੀਤੀ ਜਾਂਦੀ ਹੈ।

### ਮੈਂ ਵੋਟਰ ਸੂਚੀ ਕਿੱਥੇ ਵੇਖ ਸਕਦਾ/ਸਕਦੀ ਹਾਂ?

ਵੋਟਰਾਂ ਦੇ ਹਰੇਕ ਰਜਿਸਟ੍ਰਾਰ ਦੇ ਦਫ਼ਤਰ ਅਤੇ ਸਰਕਾਰੀ ਲਾਇਬ੍ਰੇਰੀਆਂ ਵਿੱਚ ਨਿਊਜ਼ੀਲੈਂਡ ਦੀਆਂ ਸਾਰੀਆਂ ਸੂਚੀਆਂ ਹਨ। ਇਸਤੋਂ ਇਲਾਵਾ ਹਰ ਡਾਕਘਰ (PostShop) ਵਿੱਚ ਆਪਣੇ ਇਲਾਕੇ ਦੀਆਂ ਆਮ ਅਤੇ ਮਾਓਰੀ ਵੋਟਰ ਸੂਚੀ ਦੀਆਂ ਕਾਪੀਆਂ ਹੁੰਦੀਆਂ ਹਨ। ਬਹੁਤ ਸਾਰੇ ਵੱਡੇ ਡਾਕਘਰਾਂ (PostShops) ਵਿੱਚ ਨਾਲ ਲੱਗਦੇ ਚੋਣ ਹਲਕਿਆਂ ਦੀਆਂ ਸੂਚੀਆਂ ਵੀ ਹੁੰਦੀਆਂ ਹਨ।

ਇਸਤੋਂ ਇਲਾਵਾ, ਤੁਸੀਂ ਸੂਚੀ ਵਿੱਚ ਆਪਣੇ ਵੇਰਵਿਆਂ ਦੀ ਜਾਂਚ ਸਾਡੀ ਵੈਬਸਾਈਟ - www.elections.org.nz ’ਤੇ ਕਰ ਸਕਦੇ ਹੋ।

### ਵੋਟਰਾਂ ਬਾਰੇ ਜਾਣਕਾਰੀ ਨੂੰ ਕਿਸ ਲਈ ਵਰਤਿਆ ਜਾਂਦਾ ਹੈ?

ਜਦੋਂ ਤੁਹਾਡਾ ਨਾਂ ਸੂਚੀ ਵਿੱਚ ਲਿਖਿਆ ਜਾਂਦਾ ਹੈ, ਤਾਂ ਤੁਹਾਡੇ ਚੋਣ ਹਲਕੇ ਲਈ ਛਪੀ ਹੋਈ ਸੂਚੀ ਵਿੱਚ ਸਿਰਫ਼ ਤੁਹਾਡਾ ਨਾਂ, ਰਿਹਾਇਸ਼ੀ ਪਤਾ ਅਤੇ ਰੋਜ਼ਗਾਰ ਨਜ਼ਰ ਆਏਗਾ। ਇਹ ਦਸਤਾਵੇਜ਼, ਆਮ ਲੋਕਾਂ ਲਈ ਕਿਸੇ ਵਲੋਂ ਵੀ ਵੇਖੇ ਜਾਣ ਲਈ ਖੁਲ੍ਹਾ ਹੈ। ਤੁਹਾਡੇ ਉਮਰ ਸਮੂਹ, ਡਾਕ ਪਤੇ ਜਾਂ ਮਾਓਰੀ ਮੂਲ ਦੇ ਹੋਣ ਬਾਰੇ ਤੱਥ (ਜੇ ਲਾਗੂ ਹੈ), ਵਿਗਿਆਨਕ ਜਾਂ ਸਿਹਤ ਬਾਰੇ ਬੋਰਡ ਦੇ ਖੋਜਕਾਰਾਂ, ਉਮੀਦਵਾਰਾਂ, ਪਾਰਲੀਮੈਂਟ ਜਾਂ ਸਿਆਸੀ ਪਾਰਟੀਆਂ ਦੇ ਮੈਂਬਰਾਂ ਨੂੰ ਦਿੱਤੇ ਜਾ ਸਕਦੇ ਹਨ। ਇਹ ਜਾਣਕਾਰੀ, ਸਥਾਨਕ ਕੌਂਸਲਾਂ ਨੂੰ, ਉਹਨਾਂ ਦੀਆਂ ਅਤੇ ਜ਼ਿਲ੍ਹਾ ਸਿਹਤ ਬੋਰਡ ਦੀਆਂ ਚੋਣਾਂ, ਲੋਕਰਾਇ ਅਤੇ ਚੋਣਾਂ ਲਈ ਵੀ ਮੁਹਈਆ ਕੀਤੀ ਜਾਂਦੀ ਹੈ। ਵੋਟਰਾਂ ਦੀ ਜਾਣਕਾਰੀ ਦੀ ਵਰਤੋਂ ਕਰਦਿਆਂ, ਜਿਊਰੀ ਟੋਲਸ ਵੀ ਸੰਪਾਦਿਤ ਕੀਤੇ ਜਾਂਦੇ ਹਨ।

## ਆਪਣੇ ਨਾਮਾਂਕਣ ਵੇਰਵਿਆਂ ਨੂੰ ਠੀਕ ਕਰਨਾ

### ਜੇ ਮੇਰਾ ਪਤਾ ਬਦਲ ਗਿਆ ਹੈ, ਤਾਂ ਕੀ ਕਰਾਂ?

ਘਰ ਬਦਲਣ ਤੋਂ ਰਤਾ-ਕੁ ਪਹਿਲਾਂ, ਕਿਸੇ ਡਾਕਘਰ (PostShop) ’ਤੇ ਇੱਕ ਨਿਊਜ਼ੀਲੈਂਡ ਪੋਸਟ “ਡਾਕ ਨਵੇਂ ਪਤੇ ’ਤੇ ਭੇਜਣ ਬਾਰੇ ਬੇਨਤੀ” ("Mail Re-direction Request") ਫ਼ਾਰਮ ਭਰੋ। ਤੁਹਾਨੂੰ, ਤੁਹਾਡੀ ਡਾਕ, ਤੁਹਾਡੇ ਨਵੇਂ ਪਤੇ ’ਤੇ ਭੇਜੀ ਜਾਏਗੀ, ਇਸਦੇ ਨਾਲ ਹੀ, ਤੁਹਾਡੇ ਵੋਟਰਾਂ ਬਾਰੇ ਰਜਿਸਟ੍ਰਾਰ ਨੂੰ ਵੀ ਦੱਸਿਆ ਜਾਏਗਾ ਕਿ ਤੁਸੀਂ ਘਰ ਬਦਲ ਲਿਆ ਹੈ।

ਜੇ ਤੁਹਾਡਾ ਨਵਾਂ ਪਤਾ, ਹਾਲੀਂ ਵੀ ਉਸੇ ਚੋਣ ਹਲਕੇ ਵਿੱਚ ਹੈ, ਤਾਂ ਤੁਹਾਡਾ ਵੋਟਰਾਂ ਬਾਰੇ ਰਜਿਸਟ੍ਰਾਰ, ਸੂਚੀ ਨੂੰ ਸਿਰਫ਼ ਆਧੁਨਿਕ ਬਣਾਏਗਾ ਅਤੇ ਤੁਹਾਨੂੰ, ਪੁਸ਼ਟੀ ਦਾ ਇੱਕ ਨਵਾਂ ਨੋਟਿਸ ਭੇਜੇਗਾ।

ਪਰ, ਜੇ ਤੁਸੀਂ ਇੱਕ ਨਵੇਂ ਚੋਣ ਹਲਕੇ ਵਿੱਚ ਚਲੇ ਗਏ ਹੋ, ਤਾਂ ਤੁਹਾਨੂੰ ਪਹਿਲਾਂ ਤੋਂ ਛਪਿਆ ਇੱਕ ਵਿਅਕਤੀਗਤ ਨਾਮਾਂਕਣ ਫ਼ਾਰਮ ਵੇਖਣ, ਦਸਤਖ਼ਤ ਕਰਨ ਅਤੇ ਵਾਪਸ ਭੇਜਣ ਲਈ ਭੇਜਿਆ ਜਾਏਗਾ। ਤੁਹਾਡੇ ਨਵੇਂ ਚੋਣ ਹਲਕੇ ਲਈ, ਵੋਟਰਾਂ ਬਾਰੇ ਰਜਿਸਟ੍ਰਾਰ, ਤੁਹਾਡਾ ਦਸਤਖ਼ਤ ਕੀਤਾ ਗਿਆ ਫ਼ਾਰਮ ਪ੍ਰਾਪਤ ਕਰਨ ਮਗਰੋਂ, ਤੁਹਾਨੂੰ ਸੂਚੀ ਵਿੱਚ ਸ਼ਾਮਲ ਕਰੇਗਾ ਅਤੇ ਤੁਹਾਨੂੰ ਪੁਸ਼ਟੀ ਦਾ ਇੱਕ ਨੋਟਿਸ ਭੇਜੇਗਾ।

ਜੇ ਵੋਟਰਾਂ ਬਾਰੇ ਰਜਿਸਟ੍ਰਾਰ ਨੂੰ ਤੁਹਾਡਾ ਨਾਂ ਕਿਸੇ ਸੂਚੀ ’ਤੇ ਨਹੀਂ ਮਿਲਦਾ, ਤਾਂ ਉਹ ਤੁਹਾਨੂੰ, ਤੁਹਾਡੇ ਨਵੇਂ ਪਤੇ ’ਤੇ ਡਾਕ ਰਾਹੀਂ, ਇੱਕ ਨਾਮਾਂਕਣ ਫ਼ਾਰਮ ਭੇਜੇਗਾ।

ਇਸਤੋਂ ਇਲਾਵਾ, ਤੁਸੀਂ ਇੱਕ ਨਵਾਂ ਦਾਖ਼ਲਾ ਫ਼ਾਰਮ ਭਰ ਸਕਦੇ ਹੋ ਜਾਂ ਸਾਡੀ ਵੈਬਸਾਈਟ - www.elections.org.nz - ਤੇ ਜਾ ਕੇ ਆਪਣੇ ਵੇਰਵਿਆਂ ਨੂੰ ਆਧੁਨਿਕ ਬਣਾਓ।

**ਜੇ ਮੈਂ ਆਪਣਾ ਨਾਂ ਜਾਂ ਕੰਮਕਾਜ (ਕਾਰੋਬਾਰ) ਬਦਲ ਲਿਆ ਹੈ, ਤਾਂ ਕੀ ਕਰਾਂ?**

ਜੇ ਤੁਸੀਂ ਆਪਣਾ ਨਾਂ ਜਾਂ ਕੰਮਕਾਜ ਬਦਲਦੇ ਹੋ, ਤਾਂ ਤੁਹਾਨੂੰ ਜਿੰਨੀ ਛੇਤੀ ਤੋਂ ਛੇਤੀ ਸੰਭਵ ਹੋ ਸਕੇ, ਆਪਣੇ ਵੋਟਰਾਂ ਬਾਰੇ ਰਜਿਸਟ੍ਰਾਰ ਨੂੰ ਤਬਦੀਲੀ ਬਾਰੇ ਲਿਖਤੀ ਜਾਣਕਾਰੀ ਦੇਣੀ ਚਾਹੀਦੀ ਹੈ। ਇਸਤੋਂ ਇਲਾਵਾ, ਤੁਸੀਂ ਇੱਕ ਨਵਾਂ ਨਾਮਾਂਕਣ ਫ਼ਾਰਮ ਭਰ ਸਕਦੇ ਹੋ ਜਾਂ ਸਾਡੀ ਵੈਬਸਾਈਟ - www.elections.org.nz ਤੇ ਜਾ ਕੇ ਆਪਣੇ ਵੇਰਵਿਆਂ ਨੂੰ ਆਧੁਨਿਕ ਬਣਾਓ।

**ਜੇ ਮੈਂ ਆਪਣੇ ਵੇਰਵਿਆਂ ਨੂੰ ਠੀਕ ਕਰਨਾ ਭੁੱਲ ਗਿਆ/ਗਈ ਹਾਂ, ਤਾਂ ਕੀ ਕਰਾਂ?**

ਜੇ ਤੁਸੀਂ ਆਪਣੇ ਵੇਰਵਿਆਂ ਨੂੰ ਆਧੁਨਿਕ ਬਣਾਉਣਾ ਭੁੱਲ ਗਏ ਹੋ, ਤਾਂ ਹੋ ਸਕਦਾ ਹੈ ਕਿ ਅਸੀਂ ਤੁਹਾਨੂੰ ਸੂਚੀ ਵਿਚਲੇ ਵੇਰਵਿਆਂ ਨੂੰ ਆਧੁਨਿਕ ਬਣਾਉਣ ਬਾਰੇ ਮੁਹਿੰਮ ਦੌਰਾਨ ਸੰਪਰਕ ਨਾ ਕਰੀਏ ਅਤੇ ਤੁਹਾਡੇ ਨਾਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ ਜਾਏਗਾ। ਤੁਹਾਨੂੰ, ਫਿਰ ਤੋਂ ਨਾਂ ਦਰਜ ਕਰਾਉਣ ਦੀ ਲੋੜ ਪਏਗੀ।

## ਨਾਮਾਂਕਣ ਠੀਕ ਕਰਨ ਬਾਰੇ ਮੁਹਿੰਮ

**ਨਾਮਾਂਕਣ ਠੀਕ ਕਰਨ ਬਾਰੇ ਮੁਹਿੰਮ ਕੀ ਹੈ?**

ਹਰ ਸਾਲ ਨਿਊਜ਼ੀਲੈਂਡ ਦੇ ਹਜ਼ਾਰਾਂ ਲੋਕ, ਆਪਣੇ ਜੀਵਨ ਵਿੱਚ ਤਬਦੀਲੀ ਲਿਆਉਂਦੇ ਹਨ। ਉਹ ਘਰ ਬਦਲਦੇ ਹਨ, ਵਿਆਹ ਕਰਦੇ ਹਨ, ਉਹ ਆਪਣੀਆਂ ਨੌਕਰੀਆਂ/ਰੋਜ਼ਗਾਰ ਬਦਲਦੇ ਹਨ। ਕਈ ਵਿਦੇਸ਼ਾਂ ਤੋਂ ਵਾਪਸ ਆਉਂਦੇ ਹਨ। ਕਈ ਵਾਰੀ ਉਹ, ਇਹਨਾਂ ਤਬਦੀਲੀਆਂ ਬਾਰੇ ਵੋਟਰਾਂ ਬਾਰੇ ਰਜਿਸਟ੍ਰਾਰ ਨੂੰ ਨਹੀਂ ਦੱਸਦੇ।

ਇਹੀ ਕਾਰਣ ਹੈ ਕਿ ਅਸੀਂ ਬਾਕਾਇਦਗੀ ਨਾਲ ਥੋੜ੍ਹੇ-ਥੋੜ੍ਹੇ ਸਮੇਂ ਮਗਰੋਂ ਸੂਚੀ ਵਿਚਲੇ ਨਾਮਾਂਕਣ ਨੂੰ ਆਧੁਨਿਕ ਬਣਾਉਣ ਬਾਰੇ ਮੁਹਿੰਮ ਚਲਾਉਂਦੇ ਹਾਂ। ਹਰ ਇੱਕ ਨੂੰ ਵੇਖਣਾ ਅਤੇ ਜੇ ਲੋੜ ਹੋਵੇ, ਆਪਣੇ ਵੇਰਵਿਆਂ ਨੂੰ ਆਧੁਨਿਕ ਬਣਾਉਣਾ ਹੁੰਦਾ ਹੈ, ਤਾਂ ਕਿ ਵੋਟਰਾਂ ਬਾਰੇ ਰਜਿਸਟ੍ਰਾਰ ਨਵੀਆਂ ਵੋਟਰ ਸੂਚੀਆਂ ਵਿੱਚ ਸਾਰੀਆਂ ਤਬਦੀਲੀਆਂ ਨੂੰ ਸ਼ਾਮਲ ਕਰ ਸਕੇ।

**ਜਦੋਂ ਨਾਮਾਂਕਣ ਠੀਕ ਕਰਨ ਦੀ ਮੁਹਿੰਮ ਚਲ ਰਹੀ ਹੋਵੇ, ਤਾਂ ਮੈਂ ਕੀ ਕਰਾਂ?**

ਤੁਹਾਨੂੰ ਜਾਂਚ ਕਰਨੀ ਅਤੇ ਇਸ ਵਿੱਚ, ਜੇ ਜ਼ਰੂਰੀ ਹੋਵੇ, ਤਾਂ ਸੂਚੀ ਵਿਚਲੇ ਆਪਣੇ ਸਾਰੇ ਵੇਰਵਿਆਂ ਵਿੱਚ ਤਰਮੀਮ ਕਰਨੀ ਪਏਗੀ। ਵੋਟਰਾਂ ਬਾਰੇ ਰਜਿਸਟ੍ਰਾਰ, ਪੁਰਾਣੀਆਂ ਸੂਚੀਆਂ ਵਿੱਚ ਸ਼ਾਮਲ ਹਰ ਇੱਕ ਨੂੰ ਇੱਕ ਫ਼ਾਰਮ ਭੇਜਕੇ ਇਸ ਨੂੰ ਅਸਾਨ ਬਣਾਉਂਦਾ ਹੈ। ਸੂਚੀ ਵਿੱਚ ਤੁਹਾਡੇ ਦਾਖ਼ਲੇ ਨੂੰ ਆਧੁਨਿਕ ਬਣਾਉਣ ਵਾਲੇ ਫ਼ਾਰਮ ਵਿੱਚ ਤੁਹਾਡੇ ਵਿਅਕਤੀਗਤ ਵੇਰਵੇ, ਜਿਵੇਂ ਦਰਜ ਕੀਤੇ ਗਏ ਹਨ, ਦਿੱਤੇ ਹੋਣਗੇ। ਤੁਹਾਡੇ ਵਲੋਂ ਗਲਤੀਆਂ ਠੀਕ ਕਰਨ ਲਈ ਖ਼ਾਲੀ ਥਾਂ ਹੈ। ਫਿਰ ਸਿਰਫ਼ ਦਸਤਖ਼ਤ ਕਰੋ ਅਤੇ ਫ਼ਾਰਮ ’ਤੇ ਤਾਰੀਖ਼ ਪਾਓ ਅਤੇ ਇਸਨੂੰ ਮੁਹਈਆ ਕੀਤੇ ਗਏ, ਜਵਾਬੀ ਲਿਫ਼ਾਫ਼ੇ ਵਿੱਚ ਵਾਪਸ ਭੇਜੋ। ਜੇ ਤੁਹਾਡੇ ਸਾਰੇ ਵੇਰਵੇ ਸਹੀ ਹਨ, ਤਾਂ ਤੁਹਾਨੂੰ ਜਵਾਬ ਦੇਣ ਦੀ ਲੋੜ ਨਹੀਂ ਹੈ ਅਤੇ ਤੁਹਾਡਾ ਨਾਂ, ਨਾਮਾਂਕਣ ਨੂੰ ਆਧੁਨਿਕ ਬਣਾਉਣ ਲਈ ਦਿੱਤੇ ਗਏ ਤੁਹਾਡੇ ਵੇਰਵੇ ਨਾਲ ਸੂਚੀ ਵਿੱਚ ਸ਼ਾਮਲ ਰਹੇਗਾ।

**ਜੇ ਮੈਂ ਆਪਣਾ ਨਾਮਾਂਕਣ ਠੀਕ ਕਰਨ ਬਾਰੇ ਫ਼ਾਰਮ ਵਾਪਸ ਨਾ ਭੇਜਾਂ, ਤਾਂ ਕੀ ਹੋਏਗਾ?**

ਤੁਹਾਡਾ ਨਾਂਅ ਉਹਨਾਂ ਵੇਰਵਿਆਂ ਨਾਲ ਸੂਚੀ ਵਿੱਚ ਬਣਿਆ ਰਹੇਗਾ, ਜੋ ਨਾਮਾਂਕਣ ਨੂੰ ਆਧੁਨਿਕ ਬਣਾਉਣ ਲਈ ਦਿੱਤੇ ਗਏ ਤੁਹਾਡੇ ਫ਼ਾਰਮ ਵਿੱਚ ਦਿੱਤੇ ਗਏ ਹਨ।

**ਜੇ ਮੈਂ ਕਿਸੇ ਅਜਿਹੇ ਵਿਅਕਤੀ, ਜੋ ਇਸ ਪਤੇ ’ਤੇ ਲੰਮੇਂ ਸਮੇਂ ਤੋਂ ਨਹੀਂ ਰਹਿ ਰਿਹਾ/ਰਹੀ ਦਾ ਨਾਮਾਂਕਣ ਠੀਕ ਕਰਨ ਬਾਰੇ ਫ਼ਾਰਮ ਪ੍ਰਾਪਤ ਕਰਾਂ, ਤਾਂ ਕੀ?**

ਤੁਹਾਨੂੰ, ਇਹ ਉਹਨਾਂ ਨੂੰ ਉਹਨਾਂ ਦੇ ਨਵੇਂ ਪਤੇ ’ਤੇ ਅੱਗੇ ਭੇਜਣਾ ਚਾਹੀਦਾ ਹੈ ਜਾਂ, ਜੇ ਇਹ ਅਣਜਾਣ ਹੈ, ਤਾਂ ਲਿਫ਼ਾਫ਼ੇ ’ਤੇ ਲਿਖੋ “ਚਲਾ ਗਿਆ, ਕੋਈ ਪਤਾ ਨਹੀਂ” (“Gone no address”) ਅਤੇ ਇਸਨੂੰ ਸਿਰਫ਼ ਡਾਕ

ਨਾਲ ਵਾਪਸ ਭੇਜੋ। ਇਹ, ਵੋਟਰਾਂ ਬਾਰੇ ਰਜਿਸਟ੍ਰਾਰ ਕੋਲ ਵਾਪਸ ਜਾਏਗਾ, ਜੋ ਵਿਅਕਤੀ ਦੇ ਨਾਂ ਨੂੰ ਸੂਚੀ ਤੋਂ ਹਟਾ ਦਏਗਾ।

**ਜੇ ਮੈਨੂੰ ਨਾਮਾਂਕਣ ਠੀਕ ਕਰਨ ਬਾਰੇ ਫ਼ਾਰਮ ਨਾ ਮਿਲੇ, ਤਾਂ ਕੀ?**
ਤੁਹਾਨੂੰ, ਇੱਕ ਨਵਾਂ ਨਾਮਾਂਕਣ ਫ਼ਾਰਮ ਭਰਨਾ ਚਾਹੀਦਾ ਹੈ। ਵੋਟਰਾਂ ਬਾਰੇ ਰਜਿਸਟ੍ਰਾਰ ਨੂੰ ਤੁਹਾਡਾ ਪੂਰੀ ਤਰ੍ਹਾਂ ਭਰਿਆ ਨਾਮਾਂਕਣ ਫ਼ਾਰਮ ਪ੍ਰਾਪਤ ਹੋਣ 'ਤੇ, ਤੁਹਾਡਾ ਨਾਂ, ਵੋਟਰ ਸੂਚੀ ਵਿੱਚ ਆ ਜਾਏਗਾ।

## ਵੋਟਰ ਦੀਆਂ ਸੀਮਾਵਾਂ

**ਮੈਂ ਘਰ ਨਹੀਂ ਬਦਲਿਆ ਹੈ, ਪਰ ਮੈਨੂੰ ਇੱਕ ਵੱਖਰੇ ਚੋਣ-ਹਲਕੇ ਵਿੱਚ ਰਖਿਆ ਗਿਆ ਹੈ। ਕਿਉਂ?**
ਹਰ ਚੋਣ ਹਲਕੇ ਵਿੱਚ ਲੋਕਾਂ ਦੀ ਲਗਭਗ ਇੱਕੋ ਜਿਹੀ ਗਿਣਤੀ ਹੋਣੀ ਚਾਹੀਦੀ ਹੈ। ਪਰ ਕੁਝ ਇਲਾਕੇ ਹੋਰ ਵੱਧ ਸਕਦੇ ਹਨ, ਜਦਕਿ ਦੂਜੀਆਂ ਦਾ ਘੇਰਾ ਘੱਟ ਹੋ ਸਕਦਾ ਹੈ ਅਤੇ ਹਲਕਿਆਂ ਦੀਆਂ ਹੱਦਾਂ ਨੂੰ ਕਦੀ ਕਦੀ ਠੀਕ ਕਰਨ ਦੀ ਲੋੜ ਪੈਂਦੀ ਹੈ।

ਹਰ ਪੰਜ ਸਾਲਾਂ ਵਿੱਚ, ਮਰਦਮਸ਼ੁਮਾਰੀ ਮਗਰੋਂ, ਸਾਰੇ ਚੋਣ ਹਲਕਿਆਂ ਲਈ ਸਰਹੱਦਾਂ ਦੀ ਘੋਖ ਕੀਤੀ ਜਾਂਦੀ ਹੈ। ਜੇ ਇੱਕ ਚੋਣ ਹਲਕੇ ਵਿੱਚ ਅਬਾਦੀ ਦਾ ਇੱਕ ਵੱਡਾ ਹਿੱਸਾ ਦਾਖ਼ਲ ਹੋਇਆ ਹੈ, ਤਾਂ ਚੋਣ ਹਲਕਿਆਂ ਨੂੰ, ਇਹਨਾਂ ਵਿੱਚ ਲੋਕਾਂ ਦੀ ਲਗਭਗ ਉਸੇ ਗਿਣਤੀ ਨਾਲ ਬਰਾਬਰ ਕਰਨ ਲਈ ਸਰਹੱਦਾਂ ਨੂੰ ਬਦਲਣਾ ਪੈ ਸਕਦਾ ਹੈ। ਇਹਨਾਂ ਨਵੀਆਂ ਸਰਹੱਦਾਂ ਨੂੰ ਫਿਰ ਅਗਲੀਆਂ ਚੋਣਾਂ ਲਈ ਵਰਤਿਆ ਜਾਏਗਾ।

## ਹੋਰ ਚੋਣਾਂ

**ਪਾਰਲੀਮੈਂਟਰੀ ਜ਼ਿਮਨੀ ਚੋਣ ਕੀ ਹੈ?**
ਕਦੀ ਕਦੀ ਪਾਰਲੀਮੈਂਟ ਵਿੱਚ ਇੱਕ ਚੋਣ ਹਲਕੇ ਦੀ ਸੀਟ, ਆਮ ਚੋਣਾਂ ਵਿਚਕਾਰ ਖਾਲੀ ਹੋ ਜਾਂਦੀ ਹੈ। ਉਦੋਂ ਉਸ ਚੋਣ ਹਲਕੇ ਦੇ ਲੋਕਾਂ ਨੂੰ, ਪਾਰਲੀਮੈਂਟ ਦੇ ਇੱਕ ਨਵੇਂ ਮੈਂਬਰ ਲਈ ਵੋਟ ਦੇਣ ਦਾ ਮੌਕਾ ਮਿਲਦਾ ਹੈ। ਇਸਨੂੰ ਜ਼ਿਮਨੀ ਚੋਣ ਕਿਹਾ ਜਾਂਦਾ ਹੈ। ਉਸ ਚੋਣ ਹਲਕੇ ਲਈ ਇੱਕ ਆਧੁਨਿਕ ਵੋਟਰ ਸੂਚੀ ਤਿਆਰ ਕੀਤੀ ਜਾਏਗੀ।

**ਸਥਾਨਕ ਚੋਣਾਂ ਕੀ ਹਨ?**
ਜਦੋਂ ਤੁਸੀਂ ਇੱਕ ਪਾਰਲੀਮੈਂਟਰੀ ਵੋਟਰ ਵਜੋਂ ਸੂਚੀ ਵਿੱਚ ਸ਼ਾਮਲ ਹੁੰਦੇ ਹੋ, ਤਾਂ ਤੁਸੀਂ ਆਪਣੀ ਸਥਾਨਕ ਕੌਂਸਲ ਦੀ ਸੂਚੀ ਵਿੱਚ ਆਪਣੇ ਆਪ ਸ਼ਾਮਲ ਹੋ ਜਾਂਦੇ ਹੋ। ਇਸਦਾ ਅਰਥ ਹੈ ਕਿ ਤੁਸੀਂ ਆਪਣੀਆਂ ਸਥਾਨਕ ਕੌਂਸਲਾਂ ਅਤੇ ਜਿਲ੍ਹਾ ਸਿਹਤ ਬੋਰਡ ਦੀਆਂ ਚੋਣਾਂ ਵਿੱਚ ਵੀ ਵੋਟ ਦੇ ਸਕਦੇ ਹੋ। ਇਸ ਵਿੱਚ ਆਪਣੇ ਸ਼ਹਿਰ ਜਾਂ ਜਿਲ੍ਹੇ ਲਈ ਇੱਕ ਮੇਅਰ ਅਤੇ ਆਪਣੀ ਇਲਾਕਾਈ ਕੌਂਸਲ, ਸ਼ਹਿਰ ਜਾਂ ਜਿਲ੍ਹਾ ਕੌਂਸਲ, ਭਾਈਚਾਰਕ ਬੋਰਡ, ਜਿਲ੍ਹਾ ਸਿਹਤ ਬੋਰਡ ਅਤੇ ਕੁਝ ਹੋਰ ਸੰਸਥਾਵਾਂ ਜਿਵੇਂ ਕਿ ਲਾਇਸੈਂਸਸ਼ੁਦਾ ਟ੍ਰਸਟਾਂ ਵਿੱਚ ਆਪਣੀ ਨੁਮਾਇੰਦਗੀ ਲਈ ਮੈਂਬਰਾਂ ਦੀ ਚੋਣ ਕਰਨਾ ਸ਼ਾਮਲ ਹੈ।

**ਕੀ ਮੈਂ ਨਾਗਰਿਕਾਂ ਵਲੋਂ ਕਰਾਈ ਜਾ ਰਹੀ ਲੋਕ-ਰਾਇ (Citizens Initiated Referenda) ਅਤੇ/ਜਾਂ ਸਰਕਾਰ ਵਲੋਂ ਕਰਾਈ ਜਾ ਰਹੀ ਲੋਕ ਰਾਇ (Government Initiated Referenda) ਵਿੱਚ ਵੋਟ ਦੇਣ ਦਾ/ਦੀ ਹੱਕਦਾਰ ਹਾਂ?**
ਜਦੋਂ ਤੁਸੀਂ ਇੱਕ ਪਾਰਲੀਮੈਂਟਰੀ ਵੋਟਰ ਵਜੋਂ ਸੂਚੀ ਵਿੱਚ ਸ਼ਾਮਲ ਹੁੰਦੇ ਹੋ, ਤਾਂ ਤੁਸੀਂ ਆਪਣੇ ਆਪ ਹੀ, ਨਾਗਰਿਕਾਂ, ਅਤੇ/ਜਾਂ ਸਰਕਾਰ ਵਲੋਂ ਸ਼ੁਰੂ ਕੀਤੀ ਲੋਕਰਾਇ ਲਈ ਵੋਟਰ ਸੂਚੀ ਵਿੱਚ ਸ਼ਾਮਲ ਹੋ ਜਾਂਦੇ ਹੋ।

## ਹੋਰ ਜਾਣਕਾਰੀ

**ਮੈਂ ਹੋਰ ਜਾਣਕਾਰੀ ਕਿਵੇਂ ਹਾਸਲ ਕਰ ਸਕਦਾ/ਸਕਦੀ ਹਾਂ?**
ਵੋਟ ਦੇਣ ਲਈ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ :

- 0800 ENROL NOW (0800 36 76 56) 'ਤੇ ਮੁਫ਼ਤ ਫ਼ੋਨ ਕਰਕੇ।

- ਸਾਡੀ ਵੈਬਸਾਈਟ www.elections.org.nz ’ਤੇ ਜਾ ਕੇ
- ਪੁਸਤਿਕਾਵਾਂ ਪੜ੍ਹਕੇ

  -ਅਣਪ੍ਰਕਾਸ਼ਿਤ ਵੋਟਰ ਸੂਚੀਆਂ ਬਾਰੇ ਤੁਹਾਨੂੰ ਸਭ ਕੁਝ ਜਾਣਨ ਦੀ ਲੋੜ ਹੈ* (Everything you need to know about the unpublished electoral role*)
  -ਤੁਸੀਂ 18 ਸਾਲ ਤੋਂ ਪਹਿਲਾਂ ਵੋਟ ਦੇਣ ਲਈ ਨਾਮਾਂਕਣ ਕਰਨਾ ਚਾਹੁੰਦੇ ਹੋ* (Enrolling to vote before you’re 18*)
  -ਨਿਊਜ਼ੀਲੈਂਡ ਮਾਓਰੀ ਵਜੋਂ ਵੋਟ ਦੇਣ ਲਈ ਨਾਮਾਂਕਣ* (Enrolling to vote as a New Zealand Maori*)

  *ਡਾਕਘਰਾਂ (PostShops) ਜਾਂ ਵੋਟਰਾਂ ਬਾਰੇ ਰਜਿਸਟ੍ਰਾਰ ਦੇ ਦਫ਼ਤਰਾਂ ਤੋਂ ਉਪਲਬਧ।

ਇਸ ਪੁਸਤਿਕਾ ਨੂੰ ਪੜ੍ਹਣ ਲਈ ਧੰਨਵਾਦ।
ਸਾਨੂੰ ਉਮੀਦ ਹੈ ਕਿ ਇਸ ਨੇ ਵੋਟ ਦੇਣ ਲਈ ਸੂਚੀ ਵਿੱਚ ਸ਼ਾਮਲ ਹੋਣ ਬਾਰੇ ਤੁਹਾਡੇ ਸਾਰੇ ਸੁਆਲਾਂ ਦੇ ਜਵਾਬ ਦੇ ਦਿੱਤੇ ਹਨ।

ਜੇ ਤੁਹਾਨੂੰ ਕਿਸੇ ਹੋਰ ਮਦਦ ਦੀ ਲੋੜ ਹੈ, ਤਾਂ ਸਿਰਫ਼ 0800 ENROL NOW (0800 36 76 56) ’ਤੇ ਮੁਫ਼ਤ ਫ਼ੋਨ ਕਰੋ ਜਾਂ www.elections.org.nz ’ਤੇ ਜਾਓ

**ਕੀ ਮੈਂ ਇਹ ਜਾਣਕਾਰੀ ਹੋਰਨਾਂ ਭਾਸ਼ਾਵਾਂ ਵਿੱਚ ਹਾਸਲ ਕਰ ਸਕਦਾ/ਸਕਦੀ ਹਾਂ?**
ਜੇ ਤੁਸੀਂ ਇਸ ਪੁਸਤਿਕਾ ਦੀ ਇੱਕ ਕਾਪੀ, ਮਾਓਰੀ, ਕੁੱਕ ਆਈਲੈਂਡਸ ਮਾਓਰੀ, ਟੋਂਗਨ, ਸਮੋਅਨ, ਚੀਨੀ ਜਾਂ ਕੋਰੀਅਨ ਭਾਸ਼ਾਵਾਂ ਵਿੱਚ ਚਾਹੁੰਦੇ ਹੋ, ਤਾਂ 0800 ENROL NOW (0800 36 76 56) ’ਤੇ ਸਾਨੂੰ ਮੁਫ਼ਤ ਫ਼ੋਨ ਕਰੋ ਅਤੇ ਅਸੀਂ ਤੁਹਾਨੂੰ ਤੁਰੰਤ ਇੱਕ ਕਾਪੀ ਭੇਜਾਂਗੇ।

ਹੋਰ ਜਾਣਕਾਰੀ ਲਈ 0800 ENROL NOW (0800 36 76 56) ’ਤੇ ਫ਼ੋਨ ਕਰੋ ਜਾਂ www.elections.org.nz ’ਤੇ ਜਾਓ

Electoral Enrolment Centre
New Zealand Post Limited
PO Box 190
Wellington 6140
ਫ਼ੋਨ : 0800 ENROL NOW
(0800 36 76 56)
ਫ਼ੈਕਸ : (04) 801 0709
ਈ-ਮੇਲ : enrol@elections.org.nz
ਵੈਬਸਾਈਟ : www.elections.org.nz